SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 141 | Tuesday, July 25, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਪਾਣੀ ਵਿੱਚ ਡੁੱਬਣ ਕਾਰਨ 27 ਸਾਲਾ ਵਿਅਕਤੀ ਦੀ ਹੋਈ ਮੌਤ




ਓਨਟਾਰੀਓ, 24 ਜੁਲਾਈ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਕੈਂਪਬੈਲਫੋਰਡ ਵਿੱਚ ਟ੍ਰੈਂਟ ਰਿਵਰ ਵਿੱਚ ਡੁੱਬਣ ਕਾਰਨ ਸਕਾਰਬਰੋ ਦੇ ਇੱਕ 27 ਸਾਲਾ ਵਿਅਕਤੀ ਦੀ ਮੌਤ ਹੋ ਗਈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ 22 ਜੁਲਾਈ ਨੂੰ ਸ਼ਾਮੀਂ 5:20 ਦੇ ਨੇੜੇ ਤੇੜੇ ਇੱਕ ਵਿਅਕਤੀ ਵੱਲੋਂ ਪਾਣੀ ਵਿੱਚ ਛਾਲ ਮਾਰੇ ਜਾਣ ਮਗਰੋਂ ਕਿੰਨਾਂ ਚਿਰ ਪਾਣੀ ਤੋਂ ਬਾਹਰ ਨਾ ਆਉਣ ਕਾਰਨ ਪੁਲਿਸ ਅਧਿਕਾਰੀਆਂ ਨੂੰ ਟ੍ਰੈਂਟ ਰਿਵਰ/ਰੈਨੀ ਫਾਲਜ਼ ਸੱਦਿਆ ਗਿਆ।ਨੌਰਥੰਬਰਲੈਂਡ ਈਐਮਐਸ ਤੇ ਦ ਟ੍ਰੈਂਟ ਹਿੱਲਜ਼ ਫਾਇਰ ਡਿਪਾਰਟਮੈਂਟ ਦੇ ਅਧਿਕਾਰੀਆਂ ਵੱਲੋਂ ਵਾਟਰਵੇਅਜ਼ ਦੀ ਜਾਂਚ ਕੀਤੀ ਗਈ ਤੇ ਆਖਿਰਕਾਰ ਉਸ ਵਿਅਕਤੀ ਦੀ ਲਾਸ਼ ਮਿਲ ਗਈ। ਇਸ ਵਿਅਕਤੀ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ ਪਰ ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਦੀ ਉਮਰ 27 ਸਾਲ ਸੀ ਤੇ ਉਹ ਸਕਾਰਬਰੋ ਦਾ ਰਹਿਣ ਵਾਲਾ ਸੀ।ਜਾਂਚ ਵਿੱਚ ਮਦਦ ਕਰਨ ਲਈ ਓਨਟਾਰੀਓ ਦੇ ਚੀਫ ਕੌਰੋਨਰ ਆਫਿਸ ਦੇ ਅਧਿਕਾਰੀ ਵੀ ਮੌਕੇ ਉੱਤੇ ਮੌਜੂਦ ਸਨ।

## ਬੁੱਧਵਾਰ ਨੂੰ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕਰ ਸਕਦੇ ਹਨ ਟਰੂਡੋ

ਓਟਵਾ, 24 ਜੁਲਾਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸੀਨੀਅਰ ਸਰਕਾਰੀ ਸੂਤਰਾਂ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਹੈ ਕਿ ਇਸ ਵਾਰੀ ਪ੍ਰਧਾਨ ਮੰਤਰੀ ਦੇ ਫਰੰਟ ਬੈਂਚ ਵਿੱਚ ਵੀ ਫੇਰਬਦਲ ਵੇਖਣ ਨੂੰ ਮਿਲੇਗਾ। ਇਹ ਫੇਰਬਦਲ ਬੁੱਧਵਾਰ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ।



ਓਟਵਾ ਵਿੱਚ ਪ੍ਰਧਾਨ ਮੰਤਰੀ ਵੱਲੋਂ ਮੰਤਰੀਆਂ ਨਾਲ ਰੀਡੋ ਹਾਲ ਜਾਣ ਤੋਂ ਪਹਿਲਾਂ ਪ੍ਰਾਈਵੇਟ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ। ਇਸ ਫੇਰਬਦਲ ਦੀਆਂ ਕਨਸੋਆਂ ਕਈ ਹਫਤਿਆਂ ਤੋਂ ਮਿਲ ਰਹੀਆਂ ਸਨ।ਕਈ ਭਖਵੇਂ ਮੁੱਦਿਆਂ ਜਿਵੇਂ ਕਿ ਹਾਊਸਿੰਗ ਅਫੋਰਡੇਬਿਲਿਟੀ, ਪਬਲਿਕ ਸੇਫਟੀ ਤੇ ਆਨਲਾਈਨ ਪਲੇਟਫਾਰਮਜ਼ ਨਾਲ ਸਬੰਧਤ ਨੀਤੀਆਂ ਦੇ ਮੁੱਦੇ ਆਦਿ ਦਾ ਬੜੀ ਬਾਰੀਕੀ ਨਾਲ ਸਿਆਸੀ ਮੁਲਾਂਕਣ ਬੀਤੇ ਦਿਨੀਂ ਪਾਰਲੀਆਮੈਂਟ ਦੀਆਂ ਸਿਟਿੰਗਜ਼ ਦੌਰਾਨ ਕੀਤਾ ਗਿਆ। ਵੀਕੈਂਡ ਉੱਤੇ ਸੋਮਵਾਰ ਨੂੰ ਦੇਸ਼ ਭਰ ਲਈ ਕਈ ਮੰਤਰੀਆਂ ਦੇ ਸ਼ਡਿਊਲ ਰੱਦ ਕਰ ਕੇ ਉਨ੍ਹਾਂ ਨੂੰ ਓਟਵਾ ਸੱਦ ਲਿਆ ਗਿਆ ਤਾਂ ਕਿ ਇਸ ਫੇਰਬਦਲ ਤੋਂ ਪਹਿਲਾਂ ਉਹ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰ ਸਕਣ। ਬਾਕੀ ਮੰਤਰੀਆਂ ਨੂੰ ਆਪਣੇ ਸ਼ਡਿਊਲ ਮੁਤਾਬਕ ਕੰਮ ਕਰਦੇ ਰਹਿਣ ਲਈ ਆਖਿਆ ਗਿਆ।

ਜਿਨ੍ਹਾਂ ਮੰਤਰੀਆਂ ਨੇ ਆਪਣੇ ਐਲਾਨ ਰੱਦ ਕੀਤੇ ਉਨ੍ਹਾਂ ਵਿੱਚ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ, ਹਾਊਸਿੰਗ ਐਂਡ ਡਾਇਵਰਸਿਟੀ ਐਂਡ ਇਨਕਲੂਜ਼ਨ ਮੰਤਰੀ ਅਹਿਮਦ ਹੁਸੈਨ ਤੇ ਆਫੀਸ਼ੀਅਲ ਲੈਂਗੁਏਜ ਮਨਿਸਟਰ ਐਂਡ ਮਨਿਸਟਰ ਰਿਸਪਾਂਸੀਬਲ ਫੌਰ ਦ ਐਟਲਾਂਟਿਕ ਕੈਨੇਡਾ ਓਪਰਚੁਨਿਟੀਜ਼ ਏਜੰਸੀ ਜਿਨੈਟ ਪੈਟਿਟਪਸ ਟੇਲਰ ਸ਼ਾਮਲ ਹਨ।ਇਹ ਸੰਭਾਨਵਾ ਪ੍ਰਗਟਾਈ ਜਾ ਰਹੀ ਹੈ ਕਿ ਮੰਤਰੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਆਪਣੇ ਇਰਾਦੇ ਦੱਸ ਦਿੱਤੇ ਗਏ ਹਨ ਕਿ ਚੋਣਾਂ ਹੋਣ ਦੀ ਸੂਰਤ ਵਿੱਚ ਉਹ ਦੁਬਾਰਾ ਖੜ੍ਹੇ ਹੋਣਾ ਚਾਹੁੰਦੇ ਹਨ ਜਾਂ ਨਹੀਂ। ਇਹ ਵੀ ਮੰਨਿਆਂ ਜਾ ਰਿਹਾ ਹੈ ਕਿ ਜਿਹੜੇ ਮੰਤਰੀ ਦੁਬਾਰਾ ਚੋਣਾਂ ਨਹੀਂ ਲੜਨਾ ਚਾਹੁੰਦੇ ਉਨ੍ਹਾਂ ਦੀ ਥਾਂ ਉੱਤੇ ਵਧੀਆ ਕਾਰਗੁਜ਼ਾਰੀ ਕਰਨ ਵਾਲਿਆਂ ਨੂੰ ਲਿਆਂਦਾ ਜਾਵੇਗਾ ਤਾਂ ਕਿ ਟਰੂਡੋ ਦੀ ਟੀਮ ਮਜ਼ਬੂਤ ਹੋ ਸਕੇ।

## ਖਰਚਾ ਕਰਨ ਦੀ ਫੈਡਰਲ ਸਰਕਾਰ ਦੀ ਸਮਰੱਥਾ ਅਸੀਮਤ ਨਹੀਂ : ਫਰੀਲੈਂਡ

ਓਨਟਾਰੀਓ, 24 ਜੁਲਾਈ (ਪੋਸਟ ਬਿਊਰੋ) : ਆਪਣੇ ਬਜਟ ਸਬੰਧੀ ਘਾਟਿਆਂ ਨੂੰ ਪੂਰਾ ਕਰਨ ਲਈ ਸਿਟੀ ਆਫ ਟੋਰਾਂਟੋ ਵੱਲੋਂ ਫੈਡਰਲ ਸਰਕਾਰ ਤੋਂ ਮੰਗੀ ਗਈ ਮਾਲੀ ਮਦਦ ਤੋਂ ਬਾਅਦ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਓਨਟਾਰੀਓ ਪ੍ਰੋਵਿੰਸ ਨੂੰ ਸਿਟੀ ਆਫ ਟੋਰਾਂਟੋ ਲਈ ਵਧੇਰੇ ਯੋਗਦਾਨ ਪਾਉਣਾ ਚਾਹੀਦਾ ਹੈ। 12 ਜੁਲਾਈ ਨੂੰ ਅਹੁਦਾ ਸਾਂਭਣ ਵਾਲੀ ਟੋਰਾਂਟੋ ਦੀ ਨਵੀਂ ਮੇਅਰ ਓਲੀਵੀਆ ਚਾਓ ਨੇ ਆਖਿਆ ਕਿ ਸ਼ਹਿਰ ਵਿੱਚ ਸ਼ੈਲਟਰ ਬੈੱਡਜ਼ ਦੀ ਘਾਟ ਦਾ ਸੰਕਟ ਖੜ੍ਹਾ ਹੋਇਆ ਪਿਆ ਹੈ। ਕਈ ਹਫਤਿਆਂ ਤੋਂ ਪਨਾਹ ਲੈਣ ਦੇ ਚਾਹਵਾਨ ਦਰਜਨਾਂ ਲੋਕ ਸਿਟੀ ਦੇ ਸ਼ੈਲਟਰ ਹੋਮਜ਼ ਦੇ ਬਾਹਰ ਸੌਣ ਲਈ ਮਜਬੂਰ ਹਨ। ਇਸ ਲਈ ਨਿਊਕਮਰਜ਼ ਨੂੰ ਸਿਰ ਉੱਤੇ ਛੱਤ ਮੁਹੱਈਆ ਕਰਵਾਉਣ ਲਈ ਸਿਟੀ ਆਫ ਟੋਰਾਂਟੋ ਵੱਲੋਂ ਫੈਡਰਲ ਸਰਕਾਰ ਤੋਂ ਮਾਲੀ ਮਦਦ ਦੀ ਮੰਗ ਕੀਤੀ ਗਈ ਸੀ।



ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਟੋਰਾਂਟੋ ਨੂੰ ਇਸ ਸਮੇਂ ਇੱਕ ਬਿਲੀਅਨ ਦੇ ਨੇੜੇ ਤੇੜੇ ਬਜਟ ਦੀ ਘਾਟ ਦੀ ਸਮੱਸਿਆ ਨਾਲ ਵੀ ਜੂਝਣਾ ਪੈ ਰਿਹਾ ਹੈ। ਸਿਟੀ ਦੀ ਵੈੱਬਸਾਈਟ ਉੱਤੇ ਇੱਕ ਅਜਿਹਾ ਪੇਜ ਹੈ ਜਿਸ ਉੱਤੇ ਰੈਜ਼ੀਡੈਂਟਸ ਨੂੰ ਆਖਿਆ ਗਿਆ ਹੈ ਕਿ ਉਹ ਆਪਣੇ ਐਮਪੀਜ਼ ਉੱਤੇ ਦਬਾਅ ਪਾਉਣ ਤਾਂ ਕਿ ਫੈਡਰਲ ਸਰਕਾਰ ਮਹਾਂਮਾਰੀ ਕਾਰਨ ਪੈਦਾ ਹੋਈ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਉਨ੍ਹਾਂ ਦੀ ਵਧੇਰੇ ਵਿੱਤੀ ਮਦਦ ਕਰ ਸਕੇ। ਵੈੱਬਸਾਈਟ ਉੱਤੇ ਇਹ ਵੀ ਆਖਿਆ ਗਿਆ ਹੈ ਕਿ ਫੈਡਰਲ ਸਰਕਾਰ ਦੀ ਮਦਦ ਤੋਂ ਬਿਨਾਂ ਭਵਿੱਖ ਵਿੱਚ ਫਰੰਟਲਾਈਨ ਸਰਵਿਸਿਜ਼ ਲਈ ਸਿਟੀ ਦੀ ਫੰਡਿੰਗ ਪ੍ਰਭਾਵਿਤ ਹੋਵੇਗੀ।

ਸੋਮਵਾਰ ਨੂੰ ਚਾਓ ਨੂੰ ਲਿਖੇ ਪੱਤਰ ਵਿੱਚ ਫਰੀਲੈਂਡ ਨੇ ਆਖਿਆ ਕਿ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਹੋਣ ਤੋਂ ਇਲਾਵਾ ਟੋਰਾਂਟੋ ਦੀ ਨੁਮਾਇੰਦਗੀ ਕਰਨ ਵਾਲੀ ਐਮਪੀ ਹੋਣ ਵਜੋਂ ਉਹ ਸਮਝਦੀ ਹੈ ਕਿ ਇਸ ਸਮੇਂ ਸਿਟੀ ਆਫ ਟੋਰਾਂਟੋ ਮੁਸ਼ਕਲ ਘੜੀ ਵਿੱਚੋਂ ਲੰਘ ਰਹੀ ਹੈ ਤੇ ਉਨ੍ਹਾਂ ਇਹ ਯਕੀਨ ਵੀ ਦਿਵ-ਾਇਆ ਕਿ ਫੈਡਰਲ ਸਰਕਾਰ ਹਰ ਵੇਲੇ ਸਿਟੀ ਆਫ ਟੋਰਾਂਟੋ ਦੇ ਨਾਲ ਹੈ ਤੇ ਉਨ੍ਹਾਂ ਦੀ ਭਾਈਵਾਲੀ ਲਈ ਵਚਨਬੱਧ ਹੈ।

...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home / Auto / Business / Trucking / Life Insurance / Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

OURR Home & Appliances
CANADA DAY SPECIAL
REGULAR DEAL $2,899
CANADA DAY SPECIAL
BLACK STAINLESS-STEEL PACKAGE $3,849
CANADA DAY SPECIAL
WASHER DRYER $1,699
LOCATIONS
ETOBICOKE: 44 Fasken Dr, #2-9, Etobicoke, On M9W 5M8, (416) 792-0877
BRAMPTON: Unit #1, 241 Clarence St, Brampton, On L6W 3E7, (416) 551-3343
VAUGHAN: 5781 Highway 7 Unit 10, Vaughan, ON L4L 1T8, (416) 477-5556
OAKVILLE: 1050 Speers Road, Oakville, ON L6L 2X4, (416) 613-0555
LONDON: Unit #4 -1540 Fanshawe Park Road West, London, On N6H 5L8, (519) 641-1010
STONEY CREEK: Unit #6 – 410 Lewis Road, Stoney Creek, On L8E 5Y7, (905) 643-0818
416-551-5553
WWW.OURRHOMEAPPLIANCES.COM
~OURR HOME IN EVERY HOME~

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Allstate. You're in good hands.
Insurance
Trademark used under licence by Allstate Insurance Company. 232374 | 6-23
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

CN Forklift Training Center
Counterbalance All Types / Walkie pallet Low Lift / Electric Motor Narrow Aisle Reach / Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਜੀਡੀਪੀ ਦਾ ਦੋ ਫੀ ਸਦੀ ਫੌਜ ਉੱਤੇ ਖਰਚਣ ਲਈ ਮੁੜ ਹਾਮੀ ਭਰਨ ਮਗਰੋਂ ਕਿੰਨਾਂ ਕਾਮਯਾਬ ਰਹੇਗਾ ਕੈਨੇਡਾ ?



ਓਟਵਾ, 24 ਜੁਲਾਈ (ਪੋਸਟ ਬਿਊਰੋ) : ਕਈ ਸਾਲਾਂ ਤੋਂ ਕੈਨੇਡਾ ਤੇ ਕਈ ਹੋਰਨਾਂ ਨਾਟੋ ਭਾਈਵਾਲ ਮੁਲਕਾਂ ਦੀ ਆਲੋਚਨਾ ਇਸ ਕਾਰਨ ਹੁੰਦੀ ਰਹੀ ਹੈ ਕਿ ਉਹ ਆਪਣੀ ਜੀਡੀਪੀ(ਕੁੱਲ ਘਰੇਲੂ ਉਤਪਾਦ) ਦਾ ਦੋ ਫੀ ਸਦੀ ਫੌਜ ਉੱਤੇ ਖਰਚ ਨਹੀਂ ਕਰਦੇ। ਨਾਟੋ ਵੱਲੋਂ 2014 ਵਿੱਚ ਇਹ ਟੀਚਾ ਤੈਅ ਕੀਤਾ ਗਿਆ ਸੀ।

2014 ਵਿੱਚ ਮਿਥੇ ਇਸ ਟੀਚੇ ਲਈ ਕੈਨੇਡਾ ਨੇ ਵੀ ਹਾਮੀ ਭਰੀ ਸੀ। ਪਰ ਇਸ ਟੀਚੇ ਤੱਕ ਪਹੁੰਚਣ ਵਿੱਚ ਕੈਨੇਡਾ ਕਦੇ ਕਾਮਯਾਬ ਨਹੀਂ ਹੋਇਆ। ਇਸ ਮਹੀਨੇ ਦੇ ਸ਼ੁਰੂ ਵਿੱਚ ਨਾਟੋ ਦੇ ਮੈਂਬਰ ਆਗੂਆਂ ਨੇ ਕੌਮੀ ਡਿਫੈਂਸ ਉੱਤੇ ਖਰਚਾ ਕਰਨ ਦਾ ਤਹੱਈਆ ਪ੍ਰਗਟਾਇਆ। ਇਹ ਸਹਿਮਤੀ ਵੀ ਬਣੀ ਕਿ ਜੀਡੀਪੀ ਦੇ ਮੌਜੂਦਾ ਦੋ ਫੀ ਸਦੀ ਦੇ ਮਿਥੇ ਟੀਚੇ ਨੂੰ ਹਰ ਸਾਲ ਫੌਜ ਉੱਤੇ ਖਰਚ ਕੀਤੀ ਜਾਣ ਵਾਲੀ ਘੱਟ ਤੋਂ ਘੱਟ ਰਕਮ ਮੰਨ ਕੇ ਚੱਲਿਆ ਜਾਵੇ। ਇਸ ਦਾ ਪੰਜਵਾਂ ਹਿੱਸਾ ਅਹਿਮ ਸਾਜ਼ੋ ਸਮਾਨ ਖਰੀਦਣ ਤੋਂ ਇਲਾਵਾ ਰਿਸਰਚ ਤੇ ਵਿਕਾਸ ਉੱਤੇ ਲਾਇਆ ਜਾਵੇ।ਅਜੇ ਵੀ ਇਹ ਸਪਸ਼ਟ ਨਹੀਂ ਹੈ ਕਿ ਇਸ ਤਰ੍ਹਾਂ ਦੇ ਟੀਚੇ ਦਾ ਅਹਿਸਾਸ ਕਦੋਂ ਤੱਕ ਹੋਵੇਗਾ। ਹਾਲਾਂਕਿ ਕੈਨੇਡਾ ਨੇ ਇੱਕ ਵਾਰੀ ਫਿਰ ਇਸ ਲਈ ਹਾਮੀ ਭਰ ਦਿੱਤੀ ਹੈ ਪਰ ਇਸ ਤੱਕ ਅੱਪੜਣ ਲਈ ਕੋਈ ਯੋਜਨਾ ਨਹੀਂ ਉਲੀਕੀ।

ਇਸ ਸਮਝੌਤੇ ਨਾਲ ਇਹ ਸਵਾਲ ਵੀ ਪੈਦਾ ਹੁੰਦੇ ਹਨ ਕਿ ਆਪਣੀ ਫੌਜ ਉੱਤੇ ਸਾਲ ਭਰ ਵਿੱਚ ਕਈ ਬਿਲੀਅਨ ਡਾਲਰ ਹੋਰ ਖਰਚਣ ਲਈ ਕੈਨੇਡਾ ਨੂੰ ਆਪਣੇ ਬਜਟ ਉੱਤੇ ਕਿਸ ਤਰ੍ਹਾਂ ਦਾ ਦਬਾਅ ਝੱਲਣਾ ਹੋਵੇਗਾ। ਹਾਲਾਂਕਿ ਕੈਨੇਡਾ ਕੋਲ ਅਜਿਹਾ ਕੋਈ ਰਾਹ ਨਹੀਂ ਹੈ ਕਿ ਉਹ ਨਾਟੋ ਨਾਲ ਖਰਚਿਆਂ ਸਬੰਧੀ ਕੀਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਹੋਰ ਫੈਡਰਲ ਘਾਟਾ ਸਹਿ ਸਕੇ ਜਾਂ ਪਹਿਲਾਂ ਤੋਂ ਹੀ ਉਲੀਕੀ ਯੋਜਨਾ ਤੋਂ ਜ਼ਿਆਦਾ ਦਾ ਕਰਜ਼ਾ ਚੁੱਕ ਸਕੇ।

ਨਾਟੋ ਅਨੁਸਾਰ 2023 ਵਿੱਚ ਕੈਨੇਡੀਅਨ ਫੌਜ ਲਈ ਬਜਟ 36.7 ਬਿਲੀਅਨ ਡਾਲਰ ਰੱਖਿਆ ਗਿਆ ਸੀ ਜਾਂ ਇਹ ਆਖਿਆ ਜਾ ਸਕਦਾ ਹੈ ਕਿ ਇਹ ਜੀਡੀਪੀ ਦਾ 1.29 ਫੀ ਸਦੀ ਬਣਦਾ ਸੀ। ਇਸ ਵਿੱਚ 0.7 ਫੀ ਸਦੀ ਅੰਕ ਜੋੜ ਦਿੱਤੇ ਜਾਣ ਨਾਲ ਇਹ ਅੰਕੜਾ ਦੋ ਫੀ ਸਦੀ ਤੱਕ ਤਾਂ ਅੱਪੜ ਜਾਵੇਗਾ ਪਰ ਉਸ ਦਾ ਮਤਲਬ ਅਸਲ ਮਾਇਨੇ ਵਿੱਚ 20 ਬਿਲੀਅਨ ਡਾਲਰ ਹੋਰ ਖਰਚਾ ਹੋਵੇਗਾ। ਇਹ ਉਸ ਸਮੇਂ ਹੋਵੇਗਾ ਜਦੋਂ ਪਹਿਲਾਂ ਹੀ ਕੈਨੇਡਾ 40 ਬਿਲੀਅਨ ਡਾਲਰ ਦੇ ਘਾਟੇ ਦਾ ਸਾਹ-ਮਣਾ ਕਰ ਰਿਹਾ ਹੈ।

# ਸੂਡਾਨ ਵਿਚ ਹਵਾਈ ਅੱਡੇ 'ਤੇ ਜਹਾਜ਼ ਹਾਦਸਾਗ੍ਰਸਤ, 9 ਮੌਤਾਂ



ਖਾਰਤੂਮ, 24 ਜੁਲਾਈ (ਪੋਸਟ ਬਿਊਰੋ): ਐਤਵਾਰ ਨੂੰ ਪੋਰਟ ਸੂਡਾਨ ਹਵਾਈ ਅੱਡੇ 'ਤੇ ਇਕ ਸਿਵਲ ਏਅਰਕ੍ਰਾਫਟ ਕਰੈਸ਼ ਹੋ ਗਿਆ। ਇਸ ਹਾਦਸੇ ਵਿੱਚ ਫੌਜ ਦੇ ਚਾਰ ਜਵਾਨਾਂ ਸਮੇਤ 9 ਲੋਕਾਂ ਦੀ ਮੌਤ ਹੋ ਗਈ। ਏਐਫਪੀ ਮੁਤਾਬਕ ਫੌਜ ਨੇ ਕਿਹਾ ਕਿ ਜਹਾਜ਼ ਵਿੱਚ ਤਕਨੀਕੀ ਨੁਕਸ ਪੈਣ ਕਾਰਨ ਇਹ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਇੱਕ ਲੜਕੀ ਦੀ ਜਾਨ ਬਚ ਗਈ ਹੈ। ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ।

ਸਤੰਬਰ 2021 ਵਿੱਚ, ਇੱਕ ਫੌਜੀ ਜਹਾਜ਼ ਸੁਡਾਨ ਦੀ ਰਾਜਧਾਨੀ ਖਾਰਤੂਮ ਵਿੱਚ ਕਰੈਸ਼ ਹੋ ਗਿਆ ਸੀ। ਇਸ ਹਾਦਸੇ ਵਿੱਚ ਜਹਾਜ਼ ਵਿੱਚ ਸਵਾਰ ਇੱਕ ਲੈਫਟੀਨੈਂਟ ਕਰਨਲ ਸਮੇਤ ਤਿੰਨ ਅਧਿਕਾਰੀਆਂ ਦੀ ਮੌਤ ਹੋ ਗਈ। ਪ੍ਰਧਾਨ ਮੰਤਰੀ ਦਫਤਰ ਤੋਂ ਇਕ ਬਿਆਨ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ ਗਈ। ਬਿਆਨ ਵਿਚ ਕਿਹਾ ਗਿਆ ਹੈ ਕਿ ਜਹਾਜ਼ ਅਲ-ਸ਼ੇਗਿਲਾਬ ਨੇੜੇ ਬੁੱਧਵਾਰ ਨੂੰ ਹਾਦਸਾਗ੍ਰਸਤ ਹੋ ਗਿਆ। ਜਿਸ ਵਿੱਚ ਤਿੰਨ ਅਧਿਕਾਰੀਆਂ ਦੀ ਮੌਤ ਹੋ ਗਈ ਹੈ।

## ਅੱਜ ਨਾਮਾ >>

ਵਾਹਵਾ ਕਰੜਾ ਹੈ ਜਾਖੜ ਬਿਆਨ ਦਿੱਤਾ,
ਮਾਰੀ ਆ 'ਕਾਲੀਆਂ ਨੂੰ ਵੱਡੀ ਚੋਟ ਬੇਲੀ।
ਆਖੇ, ਲਾਇਆ ਕਿਸਾਨਾਂ ਜੋ ਮੋਰਚਾ ਸੀ,
ਰੱਖਿਆ 'ਕਾਲੀਆਂ ਨੀਤ ਦਾ ਖੋਟ ਬੇਲੀ।
ਚਾਹੁੰਦੀ ਮੋਦੀ ਸਰਕਾਰ ਸੀ ਹੱਲ ਨਿਕਲੇ,
ਇਹੋ ਤਾਂ ਦੇਣ ਨਹੀਂ ਦੇਂਦੇ ਸੀ ਛੋਟ ਬੇਲੀ।
ਜਾਂਦਾ ਸੁਲਝ ਉਹ ਮਾਮਲਾ ਬਹੁਤ ਛੇਤੀ,
ਇਨ੍ਹਾਂ ਆਉਣ ਨਾ ਦਿੱਤਾ ਸੀ ਲੋਟ ਬੇਲੀ।
ਓਧਰ ਡਾਢਾ ਸਰਗਰਮ ਆ ਢੀਂਡਸਾ ਵੀ,
ਉਹ ਹੈ ਜੜ੍ਹੀ ਪਿਆ ਮਾਰਦਾ ਕੱਟ ਬੇਲੀ।
ਅੰਦਰੋਂ ਵਧਿਆ ਵਿਰੋਧ ਅਕਾਲੀਆਂ ਦਾ,
ਹਰ ਕੋਈ ਮੁੱਛਾਂ ਨੂੰ ਚਾੜ੍ਹਦਾ ਵੱਟ ਬੇਲੀ।

**ਤੀਸ ਮਾਰ ਖਾਂ**

# ਗੱਡੀ ਲੀਹ ਤੋਂ ਲਹਿ ਜਾਣ ਕਾਰਨ ਕਈ ਪੈਸੈਂਜਰਜ਼ ਹੋਏ ਜ਼ਖ਼ਮੀ



ਸਕਾਰਬਰੋ, 24 ਜੁਲਾਈ (ਪੋਸਟ ਬਿਊਰੋ) : ਸਕਾਰਬਰੋ ਵਿੱਚ ਟੀਟੀਸੀ ਲਾਈਨ 3 ਟਰੇਨ ਦੇ ਵੱਖ ਹੋ ਕੇ ਲੀਹ ਤੋਂ ਲਹਿ ਜਾਣ ਕਾਰਨ ਕਈ ਪੈਸੈਂਜਰ ਜ਼ਖ਼ਮੀ ਹੋ ਗਏ।

ਸੋਮਵਾਰ ਸ਼ਾਮ ਨੂੰ ਭੀੜ ਭਾੜ ਵਾਲੇ ਸਮੇਂ ਉੱਤੇ ਸਕਾਰਬਰੋ ਦੀ ਲਾਈਨ 3 ਉੱਤੇ ਕੈਨੇਡੀ ਰੋਡ ਤੇ ਐਲਸਮੇਅਰ ਰੋਡ ਉੱਤੇ ਇਹ ਹਾਦਸਾ ਵਾਪਰਿਆ। ਟੋਰਾਂਟੋ ਪੈਰਾਮੈਡਿਕਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਚਾਰ ਵਿਅਕਤੀ ਮਾਮੂਲੀ ਜ਼ਖ਼ਮੀ ਹੋਏ ਜਿਨ੍ਹਾਂ ਦਾ ਇਲਾਜ ਮੌਕੇ ਉੱਤੇ ਹੀ ਕਰ ਦਿੱਤਾ ਗਿਆ। ਕਿਸੇ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ।ਟੀਟੀਸੀ ਦੇ ਬੁਲਾਰੇ ਨੇ ਦੱਸਿਆ ਕਿ ਗੱਡੀ ਦੀ ਪਿਛਲੀ ਬੋਗੀ ਸਕਾਰਬਰੋ ਵਿੱਚ ਲਾਈਨ 3 ਉੱਤੇ ਪਹਿਲਾਂ ਪੂਰੀ ਗੱਡੀ ਨਾਲੋਂ ਵੱਖ ਹੋਈ ਤੇ ਫਿਰ ਲੀਹ ਤੋਂ ਲਹਿ ਗਈ।

ਗੱਡੀ ਉੱਤੇ ਸਵਾਰ ਸਾਰਿਆਂ ਦੀ ਸੇਫਟੀ ਯਕੀਨੀ ਬਣਾਉਣ ਲਈ ਪੂਰੀ ਲਾਈਨ ਸਰਵਿਸ ਨੂੰ ਬਦਲ ਦਿੱਤਾ ਗਿਆ ਤੇ 20 ਸ਼ਟਲ ਬੱਸਾਂ ਲਾਈਆਂ ਗਈਆਂ।ਗੱਡੀ ਦੇ ਲੀਹ ਤੋਂ ਲਹਿ ਜਾਣ ਤੋਂ ਬਾਅਦ 44 ਪੈਸੈਂਜਰਜ ਨੂੰ ਬੋਗੀਆਂ ਵਿੱਚੋਂ ਕੱਢਿਆ ਗਿਆ। ਇਹ ਪਤਾ ਨਹੀਂ ਲੱਗ ਸਕਿਆ ਕਿ ਗੱਡੀ ਲੀਹ ਤੋਂ ਕਿਉਂ ਲੱਥੀ। ਸੋਮਵਾਰ ਨੂੰ ਹੀ ਬਿਆਨ ਜਾਰੀ ਕਰਕੇ ਟੀਟੀਸੀ ਦੇ ਸੀਈਓ ਰਿੱਕ ਲੈਰੀ ਨੇ ਸਾਰੇ ਪ੍ਰਭਾਵਿਤ ਪੈਸੈਂਜਰਜ਼ ਤੋਂ ਮੁਆਫੀ ਮੰਗੀ ਤੇ ਇਸ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਘਟਨਾ ਦਾ ਫੌਰੀ ਮੁਲਾਂਕਣ ਕਰਵਾਉਣ ਦਾ ਐਲਾਨ ਵੀ ਕੀਤਾ।ਪੁਲਿਸ ਨੇ ਦੱਸਿਆ ਕਿ ਐਲਸਮੇਅਰ ਸਟੇਸ਼ਨ ਨੂੰ ਜਾਂਚ ਲਈ ਬੰਦ ਕਰ ਦਿੱਤਾ ਗਿਆ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience



SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com •



ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਖਰਚਾ ਕਰਨ ਦੀ ਫੈਡਰਲ ਸਰਕਾਰ ਦੀ ਸਮਰੱਥਾ ਅਸੀਮਤ ਨਹੀਂ : ਫਰੀਲੈਂਡ

ਪੰਨਾ 1 ਦਾ ਬਾਕੀ

ਫਰੀਲੈਂਡ ਨੇ ਇਹ ਵੀ ਆਖਿਆ ਕਿ ਹੋਰਨਾਂ ਤੋਂ ਇਲਾਵਾ ਫੈਡਰਲ ਸਰਕਾਰ ਇਨਫਰਾਸਟ੍ਰਕਚਰ, ਪਬਲਿਕ ਟਰਾਂਜ਼ਿਟ ਤੇ ਪਬਲਿਕ ਸੇਫਟੀ ਪ੍ਰੌਜੈਕਟਸ ਲਈ ਮਦਦ ਕਰਨੀ ਜਾਰੀ ਰੱਖੇਗੀ ਪਰ ਉਨ੍ਹਾਂ ਇਹ ਵੀ ਆਖਿਆ ਕਿ ਲੋੜ ਪੈਣ ਉੱਤੇ ਆਰਥਿਕ ਪੱਖ ਤੋਂ ਟੋਰਾਂਟੋ ਦੀ ਮਦਦ ਓਨਟਾਰੀਓ ਸਰਕਾਰ ਨੂੰ ਪੂਰੀ ਕਰਨੀ ਚਾਹੀਦੀ ਹੈ। ਫੈਡਰਲ ਸਰਕਾਰ ਦੀ ਵੀ ਖਰਚਾ ਕਰਨ ਦੀ ਸਮਰੱਥਾ ਅਸੀਮਤ ਨਹੀਂ ਹੈ। ਫਰੀਲੈਂਡ ਨੇ ਇਹ ਵੀ ਆਖਿਆ ਕਿ ਮਹਾਂਮਾਰੀ ਦੌਰਾਨ ਸਾਡੇ ਵੱਲੋਂ ਮੁਹੱਈਆ ਕਰਵਾਈ ਗਈ ਮਦਦ ਕਾਰਨ ਇਸ ਸਮੇਂ ਓਨਟਾਰੀਓ ਸਰਕਾਰ ਵਿੱਤੀ ਪੱਖੋਂ ਵਧੀਆ ਸਥਿਤੀ ਵਿੱਚ ਹੈ।

ਫਰੀਲੈਂਡ ਨੇ ਆਖਿਆ ਕਿ ਟੋਰਾਂਟੋ ਦੀਆਂ ਬਜਟ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਪਹਿਲਾਂ ਵੀ ਤਤਕਾਲੀ ਮੇਅਰ ਜੌਹਨ ਟੋਰੀ ਤੇ ਡਿਪਟੀ ਮੇਅਰ ਮੈਕੈਲਵੀ ਨੂੰ ਇਹ ਆਖਿਆ ਗਿਆ ਸੀ ਕਿ ਓਨਟਾਰੀਓ ਸਰਕਾਰ ਦੀ ਇਹ ਸੰਵਿਧਾਨਕ ਜ਼ਿੰਮੇਵਾਰੀ ਵੀ ਬਣਦੀ ਹੈ ਤੇ ਉਨ੍ਹਾਂ ਕੋਲ ਵਿੱਤੀ ਸਮਰੱਥਾ ਵੀ ਹੈ ਕਿ ਉਹ ਟੋਰਾਂਟੋ ਦੀ ਆਰਥਿਕ ਪੱਖੋਂ ਮਦਦ ਕਰ ਸਕਣ। ਸਾਨੂੰ ਉਮੀਦ ਹੈ ਕਿ ਅਜਿਹਾ ਜਲਦ ਕੀਤਾ ਜਾਵੇਗਾ।

ਇਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਦੇ ਆਫਿਸ ਵੱਲੋਂ ਜਾਰੀ ਬਿਆਨ ਵਿੱਚ ਤਰਜ਼ਮਾਨ ਕੈਟਲਿਨ ਕਲਾਰਕ ਨੇ ਆਖਿਆ ਕਿ ਟੋਰਾਂਟੋ ਲਈ ਆਪਰੇਸ਼ਨਲ ਫੰਡਿੰਗ ਅਤੇ ਮਹਾਂਮਾਰੀ ਦੌਰਾਨ ਪੈਦਾ ਹੋਏ ਦਬਾਅ ਨੂੰ ਘਟਾਉਣ ਲਈ ਮਦਦ ਦੀ ਮੰਗ ਫੋਰਡ ਸਰਕਾਰ ਪਹਿਲਾਂ ਹੀ ਪੂਰੀ ਕਰ ਚੁੱਕੀ ਹੈ ਤੇ ਵਾਧੂ ਫੰਡਿੰਗ ਲਈ ਹੀ ਉਨ੍ਹਾਂ ਨੂੰ ਫੈਡਰਲ ਸਰਕਾਰ ਦੀ ਮਦਦ ਲੈਣ ਲਈ ਆਖਿਆ ਗਿਆ ਸੀ। ਉਨ੍ਹਾਂ ਆਸ ਪ੍ਰਗਟਾਈ ਕਿ ਫੈਡਰਲ ਸਰਕਾਰ ਤੇ ਸਿਟੀ ਆਫ ਟੋਰਾਂਟੋ ਇਸ ਦਾ ਰਲ ਕੇ ਕੋਈ ਹੱਲ ਜ਼ਰੂਰ ਕੱਢ ਲੈਣਗੇ।

# ਪਹਿਲੀ ਪ੍ਰੋਫੈਸ਼ਨਲ ਟਵੈਂਟੀ 20 ਕ੍ਰਿਕਟ ਲੀਗ ਹੁਣ ਬਰੈਂਪਟਨ ਵਿੱਚ

ਬਰੈਂਪਟਨ, 24 ਜੁਲਾਈ (ਪੋਸਟ ਬਿਊਰੋ) : ਨੌਰਥ ਅਮਰੀਕਾ ਦੀ ਪਹਿਲੀ ਪ੍ਰੋਫੈਸਨਲ ਟਵੈਂਟੀ 20 ਕ੍ਰਿਕਟ ਲੀਗ ਬਰੈਂਪਟਨ ਵਿੱਚ ਹੋਣ ਜਾ ਰਹੀ ਹੈ। ਕ੍ਰਿਕਟ ਪ੍ਰੇਮੀਆਂ ਤੇ ਇਸ ਖੇਡ ਨਾਲ ਜੁੜਨ ਵਾਲੇ ਨਵੇਂ ਪ੍ਰਸ਼ੰਸਕਾਂ ਨੂੰ ਕੌਮਾਂਤਰੀ ਖਿਡਾਰੀਆਂ ਤੇ ਕੈਨੇਡੀਅਨ ਟੇਲੈਂਟ ਨੂੰ ਇੱਕਠਿਆਂ ਖੇਡਦਿਆਂ ਵੇਖਣ ਦਾ ਮੌਕਾ ਮਿਲੇਗਾ।

ਇਨ੍ਹਾਂ ਮੈਚਾਂ ਦਾ ਸਿੱਧਾ ਪ੍ਰਸਾਰਣ ਗਲੋਬਲ ਟੀ20 ਕੈਨੇਡਾ ਤੇ ਸੀਬੀਸੀ ਸਪੋਰਟਸ ਵੱਲੋਂ ਕੀਤਾ ਜਾਵੇਗਾ। ਇਹ ਟੂਰਨਾਮੈਂਟ ਟੀਡੀ ਕ੍ਰਿਕਟ ਐਰੇਨਾ, ਬਰੈਂਪਟਨ, ਓਨਟਾਰੀਓ ਵਿੱਚ ਹੋਣ ਜਾ ਰਿਹਾ ਹੈ। ਇਹ ਮੈਚ 6 ਅਗਸਤ ਤੱਕ ਚੱਲਣਗੇ। ਪੂਰਾ ਸ਼ਡਿਊਲ ਤੇ ਹੋਰ ਵੇਰਵੇ GT20.ca ਉੱਤੇ ਉਪਲਬਧ ਹਨ। ਕੈਨੇਡਾ ਵਿੱਚ ਕ੍ਰਿਕਟ ਦੀ ਹਰਮ-ਨਪਿਆਰਤਾ ਵਧਣ ਤੋਂ ਬਾਅਦ ਸੀਬੀਸੀ ਸਪੋਰਟ ਵੱਲੋਂ ਇਸ ਦੇ ਸਾਰੇ 25 ਲੀਗ ਮੈਚਾਂ ਨੂੰ ਸੀਬੀਸੀ ਜੈੱਮ, cbcsports.ca ਤੇ ਸੀਬੀਸੀ ਸਪੋਰਟਸ ਤੋਂ ਇਲਾਵਾ ਆਈਓਐਸ ਤੇ ਐਂਡਰੌਇਡ ਡਿਵਾਈਸਿਜ਼ ਲਈ ਸੀਬੀਸੀ ਸਪੋਰਟਸ ਐਪ ਉੱਤੇ ਵਿਖਾਇਆ ਜਾਵੇਗਾ। ਇਸ ਚੈਂਪੀਅਨਸ਼ਿਪ ਦਾ ਫਾਈਨਲ 6 ਅਗਸਤ, ਐਤਵਾਰ ਨੂੰ ਸੀਬੀਸੀ ਤੇ ਸੀਬੀਸੀ ਜੈੱਮ ਉੱਤੇ ਸਿੱਧਾ ਪ੍ਰਸਾਰਿਤ ਕੀਤਾ ਜਾਵੇਗਾ।

ਸੀਬੀਸੀ ਸਪੋਰਟਸ ਤੇ ਓਲੰਪਿਕਸ ਦੇ ਐਗਜ਼ੈਕਟਿਵ ਡਾਇਰੈਕਟਰ ਕ੍ਰਿਸ




ਵਿਲਸਨ ਨੇ ਆਖਿਆ ਕਿ ਕ੍ਰਿਕਟ ਨੂੰ ਕੈਨੇਡਾ ਵਿੱਚ ਵੀ ਲੋਕ ਪਸੰਦ ਕਰਨ ਲੱਗੇ ਹਨ ਤੇ ਅਸੀਂ ਲੋਕਾਂ ਨੂੰ ਇਸ ਖੇਡ ਦੇ ਪ੍ਰਸਾਰਣ ਨਾਲ ਜੋੜਨਾ ਚਾਹੁੰਦੇ ਹਾਂ। ਇਸ ਤੋਂ ਇਲਾਵਾ ਸੀਬੀਸੀ ਸਪੋਰਟਸ ਦੀ ਇੰਟਰਨੈਸ਼ਨਲ ਬ੍ਰੌਡਕਾਸਟਰਜ਼ ਨਾਲ ਵੀ ਭਾਈਵਾਲੀ ਹੈ, ਜਿਸ ਨਾਲ ਦੁਨੀਆ ਭਰ ਵਿੱਚ ਕਈ ਥਾਂਵਾਂ ਉੱਤੇ ਇਹ ਮੈਚ ਵਿਖਾਏ ਜਾਣਗੇ। ਇਨ੍ਹਾਂ ਵਿੱਚ ਫੌਕਸ ਸਪੋਰਟਸ (ਆਸਟਰੇਲੀਆ), ਫਰੀ ਸਪੋਰਟਸ (ਯੂਨਾਈਟਿਡ ਕਿੰਗਡਮ), ਬੀਇਨ ਸਪੋਰਟਸ (ਮਿਡਲ ਈਸਟ), ਸਪੋਰਟਸਮੈਕਸ (ਕੈਰੇਬੀਅਨ), ਸਟਾਰ ਸਪੋਰਟਸ (ਭਾਰਤ), ਫੈਨਕੋਡ (ਭਾਰਤ) ਤੇ ਸੁਪਰਸਪੋਰਟ (ਸਾਊਥ ਅਫਰੀਕਾ) ਸ਼ਾਮਲ ਹਨ।

ਇਸ ਮੌਕੇ ਗਲੋਬਲ ਟੀ20 ਕੈਨੇਡਾ ਟੂਰਨਾਮੈਂਟ ਡਾਇਰੈਕਟਰ ਜੇਸਨ ਹਾਰਪਰ ਨੇ ਆਖਿਆ ਕਿ ਸੀਬੀਸੀ ਸਪੋਰਟਸ ਨਾਲ ਭਾਈਵਾਲੀ ਕਰਕੇ ਅਸੀਂ ਬਹੁਤ ਖੁਸ਼ ਹਾਂ। ਉਨ੍ਹਾਂ ਦਾ ਸਪੋਰਟਿੰਗ ਈਵੈਂਟਸ ਨੂੰ ਕੌਮਾਂਤਰੀ ਪੱਧਰ ਉੱਤੇ ਬ੍ਰੌਡਕਾਸਟ ਕਰਨ ਦਾ ਵੱਡਾ ਤਜਰਬਾ ਰਿਹਾ ਹੈ। ਇਸ ਦੇ ਨਾਲ ਹੀ ਕੈਨੇਡੀਅਨ ਅਥਲੀਟਸ ਨੂੰ ਵੀ ਦੁਨੀਆ ਭਰ ਵਿੱਚ ਲੋਕ ਇਸ ਮਾਧਿਅਮ ਰਾਹੀਂ ਜਾਣ ਸਕਣਗੇ। ਇਸ ਦੇ ਨਾਲ ਹੀ ਗਲੋਬਲ ਟੀ20 ਕੈਨੇਡਾ, ਸੀਬੀਸੀ ਟੋਰਾਂਟੋ 4 ਅਗਸਤ, ਸ਼ੁੱਕਰਵਾਰ ਨੂੰ ਟੂਰਨਾਮੈਂਟ ਦੌਰਾਨ ਸੀਬੀਸੀ ਡੇਅ ਦੀ ਮੇਜ਼ਬਾਨੀ ਕਰੇਗਾ। ਇਸ ਦਿਨ ਹਾਜ਼ਰੀਨ ਸੀਬੀਸੀ ਦੇ ਮੇਜ਼ਬਾਨਾਂ ਤੇ ਹੋਰ ਅਹਿਮ ਹਸਤੀਆਂ ਨਾਲ ਮੁਲਾਕਾਤ ਕਰ ਸਕਣਗੇ ਤੇ ਕਈ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੇ ਨਾਲ ਨਾਲ ਸੀਬੀਸੀ ਟੋਰਾਂਟੋ ਵੱਲੋਂ ਸਪਾਂਸਰ ਕੀਤੇ ਜਾਣ ਵਾਲੇ ਗਿਵਅਵੇਅਜ਼ ਵੀ ਲਿਜਾ ਸਕਣਗੇ।

ਇੰਟਰਨੈਸ਼ਨਲ ਕ੍ਰਿਕਟ ਕਾਊਂਸਲ ਵੱਲੋਂ ਮਾਨਤਾ ਪ੍ਰਾਪਤ ਛੇ ਸਿਟੀ ਬੇਸਡ ਕੈਨੇਡੀਅਨ ਟੀਮਾਂ ਇਨ੍ਹਾਂ ਮੈਚਾਂ ਵਿੱਚ ਹਿੱਸਾ ਲੈਣਗੀਆਂ। ਇਨ੍ਹਾਂ ਵਿੱਚ ਟੋਰਾਂਟੋ ਨੈਸ਼ਨਲਜ਼, ਮਾਂਟਰੀਅਲ ਟਾਈਗਰਜ਼, ਵੈਨਕੂਵਰ ਨਾਈਟਸ, ਬਰੈਂਪਟਨ ਵੌਲਵਜ਼, ਮਿਸੀਸਾਗਾ(ਓਨਟਾਰੀਓ) ਪੈਂਥਰਜ਼ ਤੇ ਸਰ੍ਹੀ (ਬੀਸੀ) ਜੈਗੁਆਰਜ਼ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਕੌਮਾਂਤਰੀ ਪੱਧਰ ਉੱਤੇ ਭਾਰਤ, ਇੰਗਲੈਂਡ, ਆਸਟਰੇਲੀਆ, ਸਾਊਥ ਅਫਰੀਕਾ, ਨਿਊਜ਼ੀਲੈਂਡ, ਕੈਰੇਬੀਅਨ, ਸ਼੍ਰੀ ਲੰਕਾ, ਪਾਕਿਸਤਾਨ ਤੇ ਬੰਗਲਾਦੇਸ਼ ਦੀਆਂ ਟੀਮਾਂ ਵੀ ਹਿੱਸਾ ਲੈਣਗੀਆਂ

# ਪੰਜਾਬੀ ਸੱਭਿਆਚਾਰ ਮੰਚ ਵੱਲੋਂ ਸਰਦਾਰ ਊਧਮ ਸਿੰਘ ਦਾ ਸ਼ਹੀਦੀ ਦਿਨ 30 ਜੁਲਾਈ ਮਨਾਇਆ ਜਾਵੇਗਾ

ਬਰੈਪਟਨ, (ਬਾਸੀ ਹਰਚੰਦ): ਪੰਜਬੀ ਸੱਭਿਆਚਾਰ ਮੰਚ ਦੇ ਪਰਧਾਨ ਬਲਦੇਵ ਸਿੰਘ ਸਹਿਦੇਵ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ 30 ਜੁਲਾਈ ਦਿਨ ਐਤਵਾਰ ਨੂੰ ਕੈਸੀ ਕੈਂਬਲ ਕਮਿਉਨਿਟੀ ਸੈਂਟਰ (ਸੈਂਡਲ ਵੁੱਡ ਅਤੇ ਮੈਕਲਾਗਣ ਇੰਟਰ ਸੈਕਸ਼ਨ) ਦੇ ਪਿਛਲੇ ਪਾਸੇ ਵੱਡੇ ਪਾਰਕ ਦੇ ਸ਼ੈਡ ਹੇਠ ਮਨਾਇਆ ਜਾਏਗਾ। ਇਸ ਦਾ ਸਮਾਂ 11-00ਵਜੇ ਤੋਂ 2-00 ਵਜੇ ਤੱਕ ਹੋਵੇਗਾ। ਯਾਦ ਰਹੇ ਕਿ ਇਸ ਸੂਰਮੇਂ ਨੇ ਜਲਿਆਂ ਵਾਲੇ ਬਾਗ ਦੀ 13 ਅਪਰੈਲ1919 ਵਿਸਾਖੀ ਵਾਲੇ ਦਿਨ ਦੀ ਘਟਨਾ ,ਅੰਗਰੇਜ਼ ਹਕੂਮਤ ਵੱਲੋ ਭਾਰਤੀਆਂ ਦੇ ਘਿਨਾਉਣੇ ਸਮੂਹਿਕ ਕਤਲਾਂ ਦਾ ਬਦਲਾ ਲੰਡਣ ਪਹੁੰਚ ਕੇ ਉਸ ਸਮੇਂ ਦੇ ਪੰਜਾਬ ਦੇ ਲੈਫਟਿਨੈਂਟ ਜਰਨਲ ਮਾਈਕਲ ਓਡਾਵਇਰ ਨੂੰ ਮਾਰ ਕੇ ਲਿਆ। ਅਸਲ ਵਿੱਚ ਤਾਂ ਇਹ ਦਿਨ 31 ਜੁਲਾਈ ਨੂੰ ਬਣਦਾ ਹੈ ਪਰ ਕੁੱਝ ਮਜਬੂਰੀ ਕਰਕੇ 30 ਜੁਲਾਈ ਨੂੰ ਮਨਾਇਆ ਜਾਏਗਾ।

ਅਜਿਹੇ ਸੂਰਮੇ ਸਾਡੀ ਵਿਰਾਸਤ ਹੁੰਦੇ ਹਨ ਜੋ ਅਨਿਆ ਵਿਰੁਧ ਲੜਣ ਲਈ ਪਰੇਰਨਾ ਦਿੰਦੇ ਹਨ। ਅਤਿ ਕਮੀਨਗੀ ਭਰੀਆਂ ਹਾਲਤਾਂ ਵਿੱਚ ਮਨੁੱਖੀ ਕਦਰਾਂ ਕੀਮਤਾਂ ਨੂੰ ਬਚਾਈ ਰੱਖਦੇ ਹਨ। ਉਹਨਾਂ ਨੂੰ ਯਾਦ ਕਰਨਾ ਸਮਾਜ ਨੂੰ ਬਿਹਤਰ ਬਣਾਉਣ ਲਈ ਆਪਣਾ ਹਿੱਸਾ ਪਾਉਣਾ ਸਾਡਾ ਫਰਜ਼ ਬਣਦਾ ਹੈ। ਆਉ ਰਲ ਕੇ ਉਹਨਾਂ ਦਾ ਸ਼ਹੀਦੀ ਦਿਨ ਧੂਮ ਧਾਮ ਨਾਲ ਮਨਾ ਕੇ ਉਤਸ਼ਾਹਤ ਹੋਈਏ। ਸੱਭ ਪਰਗਤੀਸ਼ੀਲ ਨੌਜਵਾਨਾ ਬਜ਼ੁਰਗਾਂ ਬੀਬੀਆ ਨੂੰ ਸ਼ਾਮਲ ਹੋਣ ਲਈ ਖੁੱਲਾ ਸੱਦਾ ਹੈ। ਵਧੀਆ ਬੁਲਾਰਿਆਂ ਨੂੰ ਸੁਨਣ ਦਾ ਮੌਕਾ ਮਿਲੇਗਾ। ਹੋਰ ਜਾਣਕਾਰੀ ਲਈ ਫੋਨ ਨੰਬਰ ਬਲਦੇਵ ਸਿੰਘ ਸਹਿਦੇਵ 647-233-1527 ਸੁਖਦੇਵ ਸਿੰਘ ਧਾਲੀਵਾਲ 289-569-1460 ਹਰਚੰਦ ਸਿੰਘ ਬਾਸੀ 437-772-3854 ਸੁਰਿੰਦਰ ਗਿੱਲ 905-460-5544

# ਕੇਜਰੀਵਾਲ ਦੇ ਸਮਰਥਨ 'ਚ ਆਏ ਨਵਜੋਤ ਸਿੱਧੂ, ਦਿੱਲੀ ਆਰਡੀਨੈਂਸ ਬਾਰੇ ਕਾਂਗਰਸ ਦੇ ਸਟੈਂਡ 'ਤੇ ਸਹਿਮਤ ਹਨ ਸਿੱਧੂ

ਚੰਡੀਗੜ੍ਹ, 24 ਜੁਲਾਈ (ਪੋਸਟ ਬਿਊਰੋ): ਪੰਜਾਬ ਕਾਂਗਰਸ ਅਤੇ 'ਆਪ' ਵਿਚਾਲੇ ਗਠਜੋੜ ਦੀਆਂ ਗੱਲਾਂ ਜ਼ੋਰਾਂ 'ਤੇ ਹਨ। ਇਸ ਦੌਰਾਨ ਪੰਜਾਬ ਕਾਂਗਰਸ ਦੇ ਨੇਤਾ ਨਵਜੋਤ ਸਿੰਘ ਸਿੱਧੂ ਨੇ ਆਰਡੀਨੈਂਸ ਦੇ ਮੁੱਦੇ 'ਤੇ 'ਆਪ' ਅਤੇ ਅਰਵਿੰਦ ਕੇਜਰੀਵਾਲ ਦਾ ਸਮਰਥਨ ਕੀਤਾ ਹੈ। ਦੂਜੇ ਪਾਸੇ ਪੰਜਾਬ ਕਾਂਗਰਸ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅੱਜ ਕੌਮੀ ਪ੍ਰਧਾਨ ਮਲਿਕ-ਅਰਜੁਨ ਖੜਗੇ ਨਾਲ ਮੁਲਾਕਾਤ ਕਰਨਗੇ।

ਇਸ ਦੇ ਨਾਲ ਹੀ ਇਸ ਤੋਂ ਪਹਿਲਾਂ ਕਾਂਗਰਸ ਨੇਤਾ ਨਵਜੋਤ ਸਿੰਘ ਸਿੱਧੂ ਨੇ ਦਿੱਲੀ ਆਰਡੀਨੈਂਸ 'ਤੇ ਕਾਂਗਰਸ ਦੇ ਸਟੈਂਡ ਨੂੰ ਲੈ ਕੇ ਆਪਣੀ ਸਹਿਮਤੀ ਜਤਾਈ ਸੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਰਾਜਪਾਲ ਅਤੇ ਲੈਫਟੀਨੈਂਟ ਗਵਰਨਰ ਚੁਣੇ ਹੋਏ ਨੁਮਾਇੰਦਿਆਂ ਨੂੰ ਆਪਣੀ ਕਠਪੁਤਲੀ ਨਹੀਂ ਬਣਾ ਸਕਦੇ। ਉਨ੍ਹਾਂ ਕੇਂਦਰ ਸਰਕਾਰ ਦੇ ਆਰਡੀਨੈਂਸ ਦੇ ਵਿਰੋਧ ਵਿਚ ਕਿਹਾ ਕਿ ਜੇਕਰ ਇਹ ਸਰਕਾਰ ਰਹੀ ਤਾਂ ਦੇਸ਼ ਦੀ ਹੋਂਦ ਨਹੀਂ ਰਹੇਗੀ, ਦੇਸ਼ ਦਾ ਲੋਕਤੰਤਰ ਵੀ ਨਹੀਂ ਰਹੇਗਾ।



ਪੰਜਾਬ ਕਾਂਗਰਸ ਮੁਤਾਬਕ ਉਹ ਆਮ ਆਦਮੀ ਪਾਰਟੀ ਨਾਲ ਜਾਣ ਦੇ ਸਖ਼ਤ ਖਿਲਾਫ ਹਨ। ਪ੍ਰਤਾਪ ਬਾਜਵਾ ਅਤੇ ਰਾਜਾ ਵੜਿੰਗ ਨੇ 'ਇੰਡੀਆ' ਗਠਜੋੜ ਦਾ ਕਾਫੀ ਵਿਰੋਧ ਕੀਤਾ ਹੈ ਪਰ ਇਸ ਦੇ ਬਾਵਜੂਦ ਪੰਜਾਬ ਕਾਂਗਰਸ ਦੇ ਆਗੂ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਦੀ ਰਾਏ ਦੇ ਉਲਟ ਦਿੱਲੀ ਆਰਡੀਨੈਂਸ 'ਤੇ 'ਆਪ' ਦਾ ਸਮਰਥਨ ਕੀਤਾ ਹੈ।

ਦਰਅਸਲ, ਦਿੱਲੀ ਸਰਕਾਰ ਦੀਆਂ ਸ਼ਕਤੀਆਂ ਨੂੰ ਲੈ ਕੇ ਉਪ ਰਾਜਪਾਲ (ਐਲਜੀ) ਅਤੇ 'ਆਪ' ਸਰਕਾਰ ਵਿਚਾਲੇ ਟਕਰਾਅ ਜਾਰੀ ਹੈ। 'ਆਪ' ਕੇਂਦਰ ਸਰਕਾਰ ਵੱਲੋਂ ਲਿਆਂਦੇ ਆਰਡੀਨੈਂਸ ਦਾ ਸਖ਼ਤ ਵਿਰੋਧ ਕਰ ਰਹੀ ਹੈ। ਆਰਡੀਨੈਂਸ 'ਤੇ 'ਆਪ' ਨੂੰ ਕਾਂਗਰਸ ਦਾ ਸਮਰਥਨ ਮਿਲਿਆ ਹੈ।

# ਮੁੱਖ ਮੰਤਰੀ ਨੇ ਐੱਨ.ਆਰ.ਆਈ. ਭਾਈਚਾਰੇ ਲਈ ਮਾਲ ਵਿਭਾਗ ਨਾਲ ਸਬੰਧਤ ਦਸਤਾਵੇਜ਼ਾਂ ਦੀ ਤਸਦੀਕ ਕਰਨ ਲਈ ਆਨਲਾਈਨ ਪੋਰਟਲ ਦੀ ਕੀਤੀ ਸ਼ੁਰੂਆਤ

ਚੰਡੀਗੜ੍ਹ, 24 ਜੁਲਾਈ (ਪੋਸਟ ਬਿਊਰੋ): ਵਿਦੇਸ਼ਾਂ ਵਿਚ ਵਸਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਸਹੂਲਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮਾਲ ਵਿਭਾਗ ਨਾਲ ਸਬੰਧਤ ਦਸਤਾਵੇਜ਼ਾਂ ਦੀ ਐਮਬੌਸਿੰਗ (ਜ਼ਮੀਨ-ਜਾਇਦਾਦ ਦੇ ਦਸਤਾਵੇਜ਼ਾਂ ਦੀ ਤਸਦੀਕ) ਲਈ ਅਪਲਾਈ ਕਰਨ ਵਾਸਤੇ ਆਨਲਾਈਨ ਪੋਰਟਲ eservices.punjab.gov.in ਦੀ ਸ਼ੁਰੂਆਤ ਕੀਤੀ।

ਇਸ ਉਪਰਾਲੇ ਨੂੰ ਈ-ਗਵਰਨੈਂਸ ਵੱਲ ਕ੍ਰਾਂਤੀਕਾਰੀ ਕਦਮ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਈ ਵਾਰ, ਭਾਰਤ ਤੋਂ ਬਾਹਰ ਰਹਿੰਦੇ ਵਿਅਕਤੀ (ਐਨ.ਆਰ.ਆਈ. ਜਾਂ ਓ.ਸੀ.ਆਈ.) ਨੂੰ ਸੂਬੇ ਵਿੱਚ ਸਥਿਤ ਕਿਸੇ ਜਾਇਦਾਦ ਨੂੰ ਵੇਚਣ/ਖਰੀਦਣ/ਕਿਰਾਏ 'ਤੇ ਦੇਣ/ਕਬਜ਼ਾ ਲੈਣ ਦੀ ਲੋੜ ਪੈਂਦੀ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਸਬੰਧਤ ਵਿਅਕਤੀ ਭਾਰਤ ਦਾ ਦੌਰਾ ਨਹੀਂ ਕਰ ਸਕਦਾ ਅਤੇ ਦਸਤਾਵੇਜ਼ਾਂ ਨੂੰ ਰਜਿਸਟਰਡ ਕਰਵਾਉਣ ਲਈ ਸਬ-ਰਜਿਸਟਰਾਰ ਦਫ਼ਤਰ ਵਿੱਚ ਵਿਅਕਤੀਗਤ ਤੌਰ 'ਤੇ ਹਾਜ਼ਰ ਨਹੀਂ ਹੋ ਸਕਦਾ। ਭਗਵੰਤ ਮਾਨ ਨੇ ਕਿਹਾ ਕਿ ਅਜਿਹੇ ਪਰਵਾਸੀ ਭਾਰਤੀਆਂ ਦੀ ਸਹੂਲਤ ਲਈ ਹੁਣ ਸਾਰੀ ਪ੍ਰਕਿਰਿਆ ਨੂੰ ਡਿਜੀਟਲ ਕਰ ਦਿੱਤਾ ਗਿਆ ਹੈ, ਜਿਸ ਨਾਲ



ਬਿਨੈਕਾਰ ਦਸਤਾਵੇਜ਼ਾਂ ਦੀ ਐਮਬੌਸਿੰਗ ਲਈ ਆਨਲਾਈਨ ਅਪਲਾਈ ਕਰ ਸਕਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਦਸਤਾਵੇਜ਼ ਨਿਰਧਾਰਤ ਸ਼ਰਤਾਂ ਦੇ ਆਧਾਰ 'ਤੇ ਵੱਖ-ਵੱਖ ਥਾਵਾਂ ਜਿਵੇਂ ਕਿ ਜ਼ਲ੍ਹਿਾ, ਡਿਵੀਜ਼ਨਲ ਕਮਿਸ਼ਨਰ ਜਾਂ ਵਿੱਤ ਕਮਿ-ਸ਼ਨਰ ਕੋਲ ਜਮ੍ਹਾਂ ਕਰਵਾਏ ਜਾ ਸਕਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇੱਕ ਵਾਰ ਬਿਨੈ-ਪੱਤਰ ਜਮ੍ਹਾਂ ਹੋਣ ਤੋਂ ਬਾਅਦ, ਇਸਦੀ ਸਬੰਧਤ ਸ਼ਾਖਾ ਦੁਆਰਾ ਡੂੰਘਾਈ ਨਾਲ ਜਾਂਚ ਕੀਤੀ ਜਾਂਦੀ ਹੈ ਅਤੇ ਮਨਜ਼ੂਰੀ ਦੀ ਪ੍ਰਕਿਰਿਆ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੇਵਾ ਦਾ ਦਾਇਰਾ ਵਧਾਉਣ ਲਈ ਪੋਰਟਲ ਵਿੱਚ ਕਈ ਵਾਧੂ ਵਿਸ਼ੇਸ਼ਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਦੀ ਮਹੱਤਵਪੂਰਨ ਵਿਸ਼ੇਸ਼ਤਾ ਸਲਾਟ ਬੁਕਿੰਗ (ਸਮਾਂ ਤੇ ਸਥਾਨ ਦੀ ਬੁਕਿੰਗ) ਦੀ ਸਹੂਲਤ ਹੈ, ਜੋ ਕਿ ਬਿਨੈਕਾਰਾਂ ਨੂੰ ਹਰੇਕ ਸਥਾਨ 'ਤੇ ਐਮਬੌਸਿੰਗ ਸੇਵਾ ਲਈ ਆਪਣੀ ਪਸੰਦੀਦਾ ਮਿਤੀ ਅਤੇ ਸਮਾਂ ਚੁਣਨ ਦੇ ਯੋਗ ਬਣਾਉਂਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਬਿਹਤਰ ਸਮਾਂ-ਸਾਰਣੀ ਅਤੇ ਸਹੂਲਤ ਮਿਲਦੀ ਹੈ ਅਤੇ ਹੋਰ ਵੀ ਕਈ ਵਿਸ਼ਸ਼ੇਤਾਵਾਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਦਾ ਉਦੇਸ਼ ਵਰਤੋਂਕਾਰ ਲਈ ਬਿਹਤਰ ਅਨੁਭਵ ਬਣਾਉਣ ਦੇ ਨਾਲ-ਨਾਲ ਐਮਬੌਸਿੰਗ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਨਿਯਮਾਂ ਅਨੁਸਾਰ ਸਬੰਧਤ ਡਿਪਟੀ ਕਮਿਸ਼ਨਰ ਦਫ਼ਤਰ, ਡਵੀਜ਼ਨਲ ਕਮਿਸ਼ਨਰ ਦਫ਼ਤਰ ਜਾਂ ਵਿੱਤ ਕਮਿਸ਼ਨਰ ਦਫ਼ਤਰ ਵਿਖੇ ਜਮ੍ਹਾਂ ਕਰਵਾਈ ਜਾ ਸਕਦੀ ਹੈ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਇਹ ਪੋਰਟਲ ਲੋੜ ਅਨੁਸਾਰ ਦਸਤਾਵੇਜ਼ ਅਪਲੋਡ ਕਰਨ, ਲੋੜ ਪੈਣ 'ਤੇ ਅਦਾਇਗੀ ਦੇ ਕਈ ਵਿਧੀਆਂ (ਮਲਟੀਪਲ ਪੇਮੈਂਟ ਗੇਟਵੇ), ਫੀਸਾਂ ਦਾ ਆਟੋਮੈਟਿਕ ਜੋੜ, 29 ਸਥਾਨਾਂ ਲਈ ਸਲਾਟ ਬੁਕਿੰਗ, ਐਸ.ਐਮ.ਐਸ. ਅਤੇ ਈ-ਮੇਲ ਰਾਹੀਂ ਜਾਣਕਾਰੀ, ਫੀਸ ਜਮ੍ਹਾਂ ਕਰਵਾਉਣ 'ਤੇ ਰਸੀਦ, ਪ੍ਰਵਾਨਗੀ ਦੀ ਸੂਚਨਾ ਅਤੇ ਹੋਰ ਨੂੰ ਵੀ ਸਮਰੱਥ ਬਣਾਉਂਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਆਨਲਾਈਨ ਪ੍ਰਣਾਲੀ ਨਾਗਰਿਕਾਂ ਨੂੰ ਦਸਤਾਵੇਜ਼ਾਂ ਦੀ ਐਮਬੌਸਿੰਗ ਲਈ 24 ਘੰਟੇ ਅਪਲਾਈ ਕਰਨ ਦੀ ਸਹੂਲਤ ਦੇਵੇਗੀ ਅਤੇ ਸਬੰਧਤ ਅਧਿਕਾਰੀਆਂ ਦੁਆਰਾ ਦਸਤਾਵੇਜ਼ਾਂ ਦੀ ਜਾਂਚ ਤੋਂ ਬਾਅਦ ਹੀ ਸਬੰਧਤ ਨਾਗਰਿਕ ਨੂੰ ਬੁਲਾਉਣ ਦੀ ਲੋੜ ਪਵੇਗੀ। ਉਨ੍ਹਾਂ ਕਿਹਾ ਕਿ ਬਿਨੈਕਾਰ ਲੋੜੀਂਦੀ ਫੀਸ ਆਨਲਾਈਨ ਵੀ ਜਮ੍ਹਾਂ ਕਰਵਾ ਸਕਣਗੇ ਅਤੇ ਨਾਗਰਿਕਾਂ ਨੂੰ ਆਪਣੇ ਦਸਤਾਵੇਜ਼ ਨੂੰ ਐਮਬੌਸ ਕਰਵਾਉਣ ਲਈ ਸਿਰਫ ਇੱਕ ਵਾਰ ਸਬੰਧਤ ਦਫਤਰ ਆਉਣ ਦੀ ਲੋੜ ਹੈ। ਇਸ ਦੇ ਨਾਲ ਉੱਚ ਅਧਿਕਾਰੀ ਨਾਗਰਿਕਾਂ ਨੂੰ ਪ੍ਰਭਾਵਸ਼ਾਲੀ ਅਤੇ ਸਮਾਂਬੱਧ ਸੇਵਾਵਾਂ ਲਈ ਐਮ.ਆਈ.ਐਸ. ਰਿਪੋਰਟਾਂ ਰਾਹੀਂ ਦਸਤਾਵੇਜ਼ਾਂ ਦੇ ਬਕਾਏ ਬਾਰੇ ਵੀ ਨਿਗਰਾਨੀ ਕਰ ਸਕਣਗੇ।

VENUE
HEART LAKE CONVERSATION PARK
SITE - LAKEMOUNT 4
Address: 10818 Heart Lake Rd, Brampton, ON L6Z 0B3



Samrai Picnic
AUGUST 6, 2023

ਪਿੰਡ ਸਮਰਾਏ ਦੇ ਵਾਸੀਆਂ ਵਲੋਂ 6 ਅਗਸਤ ਨੂੰ ਪਿਕਨਿੱਕ

ਪਿੰਡ ਸਮਰਾਏ ਦੇ ਸਮੂਹ ਵਾਸੀਆਂ ਵਲੋਂ ਆਪਣੀ ਸਲਾਨਾ ਪਿਕਨਿਕ **06** ਅਗਸਤ ਦਿਨ ਐਤਵਾਰ ਨੂੰ ਹਾਰਟ ਲੇਕ ਕੰਜ਼ੂਵੇਸ਼ਨ ਪਾਰਕ ਵਿਖੇ ਠੀਕ ਦੁਪਿਹਰ 11 ਵਜ ਤੋਂ ਸ਼ਾਮ 6 ਵਜੇ ਤੱਕ ਮਨਾਈ ਜਾ ਰਹੀ ਹੈ । ਇਸ ਦੌਰਾਨ ਬੱਚਿਆਂ ਦੀਆਂ ਖੇਡਾਂ ਅਤੇ ਹੋਰ ਮਨੋਰੰਜਕ ਖੇਡਾਂ ਕਰਵਾਈਆਂ ਜਾਣਗੀਆਂ ਜਿਹਨਾਂ ਵਿਚ ਲੇਡੀਜ਼ ਲਈ 50 ਮੀਟਰ ਦੌੜ, ਬੋਰੀ ਰੇਸ ਅਤੇ ਤਿੰਨ ਟੰਗੀ ਰੇਸ ਵੀ ਸ਼ਾਮਲ ਹਨ । ਪ੍ਰਬੰਧਕਾਂ ਵਲੋਂ ਜੀਟੀਏ ਵਿਚ ਵੱਸਦੇ ਸਮੂਹ ਸਮਰਾਏ ਪਿੰਡ ਵਾਸੀਆਂ ਨੂੰ ਬੇਨਤੀ ਹੈ ਕਿ ਉਹ ਪਰਿਵਾਰਾਂ ਸਮੇਤ ਇਸ ਪਰਿਵਾਰਕ ਪਿਕਨਿਕ ਵਿਚ ਸ਼ਾਮਲ ਹੋਣ ਅਤੇ ਆਪਣੇ ਪਿੰਡ ਨਾਲ ਜੁੜੀਆਂ ਯਾਦਾਂ ਨੂੰ ਤਾਜਾ ਕਰਨ ।



People of Village. Samrai has organised a Picnic on **August 06, 2023, Sunday from 11 am to 6 pm.**
In the park various activities will be played such as **50 meter race, sack race, 3-legged race.**
We request you to accompany your childrens, parents, grandparents with you to recall old memories.

ਪਿਕਨਿੱਕ ਬਾਰੇ ਜਿਆਦਾ ਜਾਨਕਾਰੀ ਲਈ ਸੁਰਜੀਤ ਸਮਰਾ 289-828-2117, ਅਮਰਜੀਤ ਸਮਰਾ 416-939-8292 ਜਾਂ ਮੋਹੀਂਦਰ ਸਮਰਾ 416-271-8477 ਨੂੰ ਸੰਪ੍ਰਕ ਕੀਤਾ ਜਾ ਸਕਦਾ ਹੇ।

Office: 416-654-1010
Sutton Group Security Real Estate Brokerage
2700 Dufferin St #47, Toronto ON M6B4J3



"For all your real estate needs"
Anabela Serra
Sales Representative
416-400-5825
anabelserra75@gmail.com







98 JOHN ST E
Bradford West Gwillimbury, Ontario L3Z1G4
A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters

97 JOHN ST E
Bradford West Gwillimbury, Ontario L3Z2B5





A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

103 JOHN ST W
Bradford West Gwillimbury, Ontario L3Z2A8




**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

6273 YONGE ST
Innisfil, Ontario L0L1K0





Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.

2217 VICTORIA ST
Innisfil, Ontario L9S1A8




Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.

# ਤੀਨੇ ਤਾਪ ਨਿਵਾਰਨਹਾਰਾ ਦੁੱਖ ਹੰਤਾ ਸੁਖ ਰਾਸਿ ਤਾ ਕਉ।। ਬਿਘਨ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ।।



ਸੁਖਦੇਵ ਸਿੰਘ
94171 91916

ਉਪਰੋਕਤ ਪੰਕਤੀ ਵਿੱਚ ਤੀਨੇ ਤਾਪ ਭਾਵ ਤਿੰਨ ਤਰ੍ਹਾਂ ਦੇ ਬੁਖਾਰ ਦੀ ਗੱਲ ਕੀਤੀ ਗਈ ਹੈ। ਦੂਜੇ ਪਾਸੇ ਇਹ ਸਰਵ ਪ੍ਰਮਾਨਤ ਹੋ ਚੁੱਕਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿਅਕਤੀ ਦੇ ਮਨ ਅਤੇ ਆਤਮਾ ਨਾਲ ਸਬੰਧਿਤ ਹੈ ਭਾਵ ਗੁਰਬਾਣੀ ਮਨ ਤੇ ਆਤਮਾ ਦੀ ਖੁਰਾਕ ਹੈ। ਤਾਪ ਜਾ ਬੁਖਾਰ ਸਰੀਰ ਨੂੰ ਚੜਦਾ ਹੈ ਮਨ ਜਾ ਆਤਮਾ ਨੂੰ ਨਹੀਂ। ਇਹ ਵਿਚਾਰਨ ਦਾ ਵਿਸ਼ਾ ਬਣ ਗਿਆ ਹੈ ਕਿ ਪੰਕਤੀ ਵਿੱਚ ਜਿਸ ਤਾਪ ਦੀ ਗੱਲ ਕੀਤੀ ਹੈ ਉਹ ਕਿਹੜਾ ਤਾਪ ਹੈ। ਅਸੀਂ ਸਮਾਜਿਕ ਜੀਵਨ ਵਿੱਚ ਤਾਪ ਜਾ ਬੁਖਾਰ ਆਮ ਤੌਰ ਤੇ ਇੱਕ ਹੀ ਤਰਾਂ ਦਾ ਸੁਣਿਆ ਹੈ। ਬਿਮਾਰੀ ਤਾਂ ਬਹੁਤ ਤਰਾਂ ਦੀ ਸੁਣੀ ਹੈ ਤੇ ਹੰਢਾਈ ਵੀ ਹੈ। ਬੁਖਾਰ ਇੱਕ ਹੀ ਤਰਾਂ ਦਾ ਸੁਣਿਆ ਹੈ।

ਹੁਣ ਅਸੀਂ ਇਹ ਵਿਚਾਰਾਂ ਗੇ ਕਿ ਜੇ ਗੁਰਬਾਣੀ ਲਾਗੂ ਹੀ ਮਨ ਤੇ ਆਤਮਾ ਨੂੰ ਹੁੰਦੀ ਹੈ ਤਾਂ ਤਾਪ ਜਿਸ ਦਾ ਪੰਕਤੀ ਵਿੱਚ ਹਵਾਲਾ ਆਇਆ ਹੈ ਉਹ ਮਨ ਨੂੰ ਕਿਵੇਂ ਚੜਦਾ ਹੈ। ਇਹ ਵੀ ਵਿਚਰਨਾ ਪਵੇਗਾ ਕਿ ਤਿੰਨ ਤਰਾਂ ਦਾ ਤਾਪ ਕਿਹੜਾ ਹੈ ਜੋ ਮਨ ਨੂੰ ਚੜਦਾ ਹੈ ਤੇ ਪੰਕਤੀ ਵਿੱਚ ਉਚਾਰਿਆ ਗਿਆ ਹੈ। ਜਦੋਂ ਅਸੀਂ ਗੁਰਬਾਣੀ ਨੂੰ ਮਨ ਉਪਰ ਲਾਗੂ ਕਰਾਂਗੇ ਤਾਂ ਸਾਨੂੰ ਪੂਰੇ ਦਾ ਪੂਰਾ ਅੰਦਰਮੁਖੀ ਹੋਣਾ ਪਵੇਗਾ। ਉਸ ਵਿਚਾਰ ਦਾ ਹੋ ਰਿਹਾ ਪ੍ਰਭਾਵ ਵੀ ਅੰਦਰ ਹੀ ਮਹਿਸੂਸ ਕਰਨਾ ਹੋਵੇਗਾ। ਅੰਦਰਮੁਖੀ ਤੇ ਬਾਹਰਮੁਖੀ ਦੋਵੇਂ ਇਕੱਠੇ ਨਹੀਂ ਹੋ ਸਕਦੇ। ਜਦੋਂ ਅੰਦਰਮੁਖੀ ਹਾਂ ਤਾਂ ਅੰਦਰਮੁਖੀ ਹੀ ਰਹਿਣਾ ਪਵੇਗਾ ਜਦੋਂ ਬਾਹਰਮੁਖੀ ਹਾਂ ਤਾਂ ਬਾਹਰਮੁਖੀ ਰਹਿਣਾ ਹੋਵੇਗਾ। ਭਾਵ ਧਾਰਮਿਕ ਬਿਰਤੀ ਅਤੇ ਰੁਹਾਨੀ ਬਿਰਤੀ ਵਿੱਚੋਂ ਇੱਕੋ ਸਮੇਂ ਇੱਕ ਹੀ ਚੁਣੀ ਜਾ ਸਕੇਗੀ। ਹੁਣ ਅਸੀਂ ਰੁਹਾਨੀ ਬਿਰਤੀ ਚੁਣ ਚੁਕੇ ਹਾਂ ਤਾਂ ਹੁਣ ਇਹ ਵਿਚਾਰਨਾ ਹੋਵੇਗਾ ਕਿ ਮਨ ਨੂੰ ਤਾਪ ਉਹ ਵੀ ਤਿੰਨ ਤਰ੍ਹਾਂ ਦਾ ਕਿਵੇ ਚੜਦਾ ਹੈ ਕਿਉਂਕਿ ਅਸੀਂ ਆਮ ਤੌਰ ਤੇ ਸਰੀਰ ਨੂੰ ਤਾਪ ਚੜਦਾ ਦੇਖਦੇ ਆ ਰਹੇ ਹਾਂ।

ਸਰੀਰ ਦੇ ਤਾਪ ਵਿਚ ਅਤੇ ਮਨ ਦੇ ਤਾਪ ਵਿਚ ਇਹ ਫਰਕ ਹੈ ਕਿ ਸਰੀਰ ਦਾ ਤਾਪ ਬਾਹਰ ਦੇਖਿਆ ਜਾ ਸਕਦਾ ਹੈ ਉਸ ਨੂੰ ਦੇਖਣ ਲਈ ਥਰਮਾਮੀਟਰ ਬਣਿਆ ਹੋਇਆ ਹੈ। ਥਰਮਾਮੀਟਰ ਤੋਂ ਹੋਰ ਕੋਈ ਵੀ ਤਾਪ ਨੂੰ ਜਦੋਂ ਚਾਹੇ ਚੈਕ ਕਰ ਸਕਦਾ ਹੈ ਪ੍ਰੰਤੂ ਮਨ ਦੇ ਤਾਪ ਨੂੰ ਚੈਕ ਨਹੀਂ ਕੀਤਾ ਜਾ ਸਕਦਾ ਇਹ ਸਿਰਫ ਤੇ ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਮਹਿਸੂਸ ਵੀ ਸਬੰਧਤ ਵਿਅਕਤੀ ਹੀ ਕਰ ਸਕਦਾ ਹੈ ਕੋਈ ਹੋਰ ਨਹੀਂ। ਕਿਸੇ ਵੀ ਤਰ੍ਹਾਂ ਦੇ ਜੰਤਰ ਨਾਲ ਵੀ ਨਹੀਂ। ਇਹ ਗੱਲ ਜਾਣਨੀ ਹੋਰ ਜਰੂਰੀ ਹੋ ਗਈ ਹੈ ਕਿ ਉਹ ਤਿੰਨ ਤਾਪ ਕਿਹੜੇ ਹਨ ਜੋ ਮਨ ਨੂੰ ਚੜਦੇ ਹਨ ਤੇ ਜਿਹਨਾਂ ਬਾਰੇ ਪੰਕਤੀ ਵਿੱਚ ਲਿਖਿਆ ਗਿਆ ਹੈ।

ਇਹ ਅਸੀਂ ਮੰਨ ਲਿਆ ਹੈ ਕਿ ਜਿਸ ਤਾਪ ਦੀ ਗੱਲ ਕੀਤੀ ਗਈ ਹੈ ਉਹ ਸਰੀਰਕ ਤਾਪ ਨਹੀਂ ਹੈ ਉਹ ਮਨ ਦੇ ਤਾਪ ਨੂੰ ਕਿਹਾ ਹੈ। ਮਨ ਦਾ ਤਾਪ ਦਿਖਦਾ ਨਹੀਂ ਮਹਿਸੂਸ ਕੀਤਾ ਜਾਂਦਾ ਹੈ। ਮਹਿਸੂਸ ਵੀ ਮਨ ਹੀ ਕਰਦਾ ਹੈ। ਜਦੋਂ ਵੀ ਵਿਅਕਤੀ ਦਾ ਮਨ ਕਿਸੇ ਵੀ ਗਲਤ ਸੋਚੇ ਅਤੇ ਸਰੀਰ ਵਲੋਂ ਕੀਤੇ ਦਾ ਫਿਕਰ ਕਰਦਾ ਹੈ ਉਹ ਮਨ ਦਾ ਤਾਪ ਹੁੰਦਾ ਹੈ। ਹੁਣ ਵਿਚਾਰਨ ਵਾਲੀ ਗੱਲ ਇਹ ਰਹਿ ਗਈ ਹੈ ਕਿ ਉਹ ਫਿਕਰ ਤਿੰਨ ਤਰਾਂ ਦਾ ਕਿਵੇਂ ਹੈ। ਮਨ ਨੇ ਜੋ ਬੀਤੇ ਸਮੇਂ ਵਿੱਚ ਗਲਤ ਸੋਚਿਆ ਤੇ ਸਰੀਰ ਨੇ ਕੀਤਾ, ਇਸੇਤਰਾਂ ਜੋ ਹੁਣ ਗਲਤ ਸੋਚ ਤੇ ਕਰ ਰਿਹਾ ਹੈ ਉਸਦਾ ਫਿਕਰ (ਤਾਪ) ਤੇ ਆਉਣ ਵਾਲੇ ਸਮੇਂ ਦਾ ਡਰ ਫਿਕਰ ਕਿ ਪਤਾ ਨਹੀਂ ਕੀ ਹੋ ਜਾਵੇਗਾ ਉਹ ਤਾਪ ਚੜਿਆ ਰਹਿੰਦਾ ਹੈ। ਭੂਤਕਾਲ ਦਾ ਫਿਕਰ, ਵਰਤਮਾਨ ਦਾ ਡਰ ਫਿਕਰ ਅਤੇ ਭਵਿੱਖ ਦਾ ਡਰ ਫਿਕਰ ਮਨ ਉਪਰ ਹਾਵੀ ਰਹਿੰਦਾ ਹੈ। ਇਸ ਤੋਂ ਮਨ ਨੂੰ ਛੁਟਕਾਰਾ ਸੰਭਵ ਨਹੀਂ ਹੈ।

ਅਗਲੀ ਲਾਈਨ ਵਿੱਚ ਗੱਲ ਸਾਫ ਕਰ ਦਿੱਤੀ ਹੈ ਕਿ ਉਸ ਵਿਅਕਤੀ ਉਪਰ ਇਸਤਰਾਂ ਦੇ ਤਾਪ ਦਾ ਕੋਈ ਅਸਰ ਨਹੀਂ ਪਵੇਗਾ ਜਿਹੜਾ ਵਿਅਕਤੀ ਪ੍ਰਭੂ ਅੱਗੇ ਅਰਦਾਸਿ ਕਰਦਾ ਰਹਿੰਦਾ ਹੈ। ਇਹ ਤਾਂ ਬਹੁਤ ਅਸਾਨ ਤਰੀਕਾ ਲੱਭ ਗਿਆ। ਬਹੁਤੇ ਅਰਦਾਸਿ ਕਰਦੇ ਹੀ ਰਹਿੰਦੇ ਹਨ ਉਹ ਆਪਣੇ ਆਪ ਤੋਂ ਪੁੱਛ ਲੈਣ ਕਿ ਕੀ ਉਨਾਂ ਨੂੰ ਜਿੰਦਗੀ ਦੇ ਡਰ ਜਾ ਫਿਕਰ ਤੋਂ ਨਿਜਾਤ ਮਿਲ ਗਈ ਹੈ। ਜਿੰਨਾ ਨੂੰ ਮਿਲ ਗਈ ਮੁਬਾਰਕ ਹੋਵੇ। ਜਿੰਨਾ ਨੂੰ ਨਹੀਂ ਮਿਲੀ ਉਹ ਵਿਚਾਰਨ ਕਿ ਕਿੱਥੇ ਕਮੀ ਰਹਿ ਗਈ ਹੈ ਕਿਉਂਕਿ ਗੁਰਬਾਣੀ ਵਿੱਚ ਕਿਹਾ ਗਿਆ ਕੁੱਝ ਵੀ ਗਲਤ ਨਹੀਂ ਹੋ ਸਕਦਾ। ਫਰਕ ਹੁੰਦਾ ਹੈ ਸਾਡੀ ਸੋਚ ਵਿੱਚ ਫਰਕ ਹੁੰਦਾ ਹੈ ਗੱਲ ਨੂੰ ਸਹੀ ਪਕੜਣ ਵਿਚ। ਅਰਦਾਸਿ ਦਾ ਜੋ ਅਰਥ ਅਸੀਂ ਲੈ ਰਹੇ ਹਾਂ ਗੁਰਬਾਣੀ ਉਸ ਅਰਦਾਸਿ ਦੀ ਗੱਲ ਨਹੀਂ ਕਰ ਰਹੀ। ਗੁਰਬਾਣੀ ਜਿਸ ਅਰਦਾਸ ਦੀ ਗੱਲ ਕਰ ਰਹੀ ਹੈ ਉਹ ਹੈ ਕਿ ਕਰਤੇ ਦਾ ਹਰ ਹਾਲਾਤ ਵਿੱਚ ਅਤੇ ਸੰਪੂਰਨ ਸੰਤੁਸ਼ਟਤਾ ਵਿਚ ਰਿਨੀ ਹੁੰਦੇ ਰਹਿਣਾ ਹੈ। ਅਸੀਂ ਅਰਦਾਸ ਵਿੱਚ ਧੰਨਵਾਦ ਤਾਂ ਕਰ ਹੀ ਨਹੀਂ ਰਹੇ ਹੁੰਦੇ। ਅਸੀਂ ਤਾਂ ਲੋੜੀਦੀਆਂ ਵਸਤੂਆਂ ਦੀ ਅਗਲੀ ਲਿਸਟ ਦੇ ਰਹੇ ਹੁੰਦੇ ਹਾਂ । ਇਹ ਗੱਲ ਬਿਲਕੁਲ ਹੀ ਭੁਲ ਜਾਂਦੇ ਹਾਂ ਕਿ ਕਰਤਾ ਇੱਕ ਅਦਿਖ ਸ਼ਕਤੀ ਹੈ ਤੇ ਉਹ ਵਸਤੂਆਂ ਦੀ ਲੋੜ ਕਿਵੇਂ ਪੂਰੀ ਕਰੇ ਗਾ। ਮਨ ਨੂੰ ਤਾਂ ਉਹ ਵਸਤੂਆਂ ਦੀ ਲੋੜ ਹੀ ਨਹੀ ਹੁੰਦੀ। ਉਹ ਤਾਂ ਸਾਡੇ ਸਰੀਰ ਦੀ ਲੋੜ ਹੈ। ਤਾਲਮੇਲ ਹੀ ਨਹੀਂ ਬੈਠਿਆ ਤਾਂ ਅਸੀਂ ਆਪ ਹੀ ਸੋਚ ਸਕਦੇ ਹਾਂ ਕਿ ਅਰਦਾਸ ਪੂਰੀ ਕਿਵੇਂ ਹੋਵੇਗੀ। ਮਨ ਨੂੰ ਲੋੜ ਹੈ ਸ਼ਾਤੀ ਦੀ ਮਨ ਨੂੰ ਲੋੜ ਹੈ ਅਨੰਦ ਦੀ ਉਹ ਪੰਕਤੀ ਦੇ ਕਹੇ ਅਨੁਸਾਰ ਜਰੂਰ ਮਿਲੇ ਗੀ ਜੇ ਅਸੀਂ ਸੰਪੂਰਨ ਧੰਨਵਾਦੀ ਬਿਰਤੀ ਵਿੱਚ ਆ ਕੇ ਕਰਤੇ ਅੱਗੇ ਢੇਰੀ ਹੋ ਜਾਵਾਂਗੇ। ਵਸਤੂਆਂ ਦੀ ਲੋੜ ਸਰੀਰਕ ਲੋੜ ਹੈ ਅਤੇ ਬਾਹਰਮੁਖੀ ਹੈ। ਬਾਹਰਮੁਖੀ ਤੇ ਸਰੀਰਕ ਲੋੜ ਸਰੀਰਕ ਮਿਹਨਤ ਨਾਲ ਅਤੇ ਸਹੀ ਦਿਮਾਗ ਦੀ ਵਰਤੋਂ ਕਰਨ ਨਾਲ ਪੂਰੀ ਹੋਵੇਗੀ। ਉਸ ਦੀ ਪੂਰਤੀ ਲਈ ਸਬਰ ਰੱਖਣਾ ਪਵੇਗਾ ਤੇ ਹੋ ਸਕਦਾ ਹੈ ਮਿਹਨਤ ਹੋਰ ਵਧਾਉਣੀ ਪਵੇ। ਉਸ ਵਕਤ ਕੀਤੀ ਗਈ ਅਰਦਾਸ ਵਿਅਕਤੀ ਨੂੰ ਨਿਰਾਸ ਨਹੀਂ ਹੋਣ ਦੇਵੇਗੀ। ਹੌਸਲਾ ਬਣਿਆ ਰਹੇਗਾ ਤਾਂ ਮਿਹਨਤ ਵੱਧਦੀ ਜਾਵੇਗੀ ਜਿਸ ਨਾਲ ਪ੍ਰਾਪਤੀ ਸੰਭਵ ਹੁੰਦੀ ਜਾਵੇ ਗੀ।










## ਲੜਕੀ ਦੀ ਲੋੜ

"ਸਿੱਖ ਰਾਮਗੜ੍ਹੀਆ ਲੜਕਾ, ਉਮਰ 32 ਸਾਲਾ, ਕੱਦ: 5''10', ਓਨਟਾਰੀਓ ਅਤੇ ਵਿਨੀਪੈਗ ਵਿੱਚ ਕਾਰੋਬਾਰ ਕਰ ਰਹੇ ਅਤੇ ਰੀਅਲ ਅਸਟੇਟ ਅਤੇ ਵਿੱਤੀ ਕਾਰੋਬਾਰ ਵਿੱਚ ਸਰਗਰਮ, ਪਰਿਵਾਰ ਕੈਨੇਡਾ ਵਿੱਚ ਸੈਟਲਡ ਹੈ, ਲਈ ਇੱਕ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ। ਸੰਪਰਕ: 204-510-7658 ਜਾਂ 437-881-7282

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋ-ਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500


Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com









# ਅਮਰੀਕਾ ਦੀ ਪ੍ਰਸਿੱਧ ਸਿਆਨਾ ਸੰਸਥਾ ਨੇ ਪੰਜਾਹ ਸਾਲਾ ਸਲਾਨਾ ਸਿੱਖ ਗੁਰਮਤਿ ਕੈਂਪ ਲਗਾਇਆ

## ਵਿਦੇਸ਼ ਵਿੱਚ ਸਿੱਖ ਨੌਜਵਾਨਾਂ ਨੂੰ ਸਿੱਖੀ ਨਾਲ ਜੁੜੇ ਰਹਿਣ ਦੇ ਉਪਾਰਾਲੇ ਨੇ ਪੂਰੇ ਕੀਤੇ 50 ਸਾਲ





ਸਮੀਪ ਸਿੰਘ ਗੁਮਟਾਲਾ: 24ਜੁਲਾਈ, 2023: ਸਿੱਖ ਨੌਜਵਾਨਾਂ ਵਿੱਚ ਅਧਿਆਤਮਿਕ ਚੇਤਨਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਪੈਦਾ ਕਰਨ ਲਈ, ਸਿੱਖ ਯੂਥ ਅਲਾਇੰਸ ਆਫ਼ਨਾਰਥ ਅਮਰੀਕਾ (ਸਿਆਨਾ) ਸੰਸਥਾ ਨੇ ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਫੈਂਟਨ ਦੇ ਵਾਏ.ਐਮ.ਸੀ.ਏ ਦੇ ਕੈਂਪ ਕੋਪਨੇਕੋਨਿਕ ਵਿੱਚ ਇੱਕ ਹਫ਼ਤੇ ਲਈ ਗੁਰਮਤਿ ਕੈਂਪਲਗਾਇਆ। ਇਸ ਸਲਾਨਾ ਕੈਂਪ ਦੇ 50ਵੇਂ ਸਾਲ ਵਿੱਚ ਸ਼ਾਮਲ ਹੋਣ ਵਾਲੇ ਬੱਚਿਆਂ ਅਤੇ ਸੇਵਾਦਾਰਾਂ ਵੱਲੋਂ ਭਰਵਾਂ ਹੁੰਗਾਰਾ ਦੇਖਣ ਨੂੰ ਮਿਲਿਆ ਜੋ ਕਿ ਬਹੁਤ ਹੀਉਤਸੁਕਤਾ ਨਾਲ ਸਿੱਖ ਧਰਮ ਦੀਆਂ ਸਿੱਖਿਆਵਾਂ ਵਿੱਚ ਲੀਨ ਹੋ ਗਏ।

ਸਿਆਨਾ ਸੰਸਥਾ ਦੇ ਸੰਸਥਾਪਕ ਅਤੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਸਾਲਾਨਾ ਕੈਂਪ ਦਾ ਉਦੇਸ਼ ਪੂਰੇ ਉੱਤਰੀ ਅਮਰੀਕਾ ਦੇ ਸਿੱਖਨੌਜਵਾਨਾਂ ਨੂੰ ਇੱਕ ਅਜਿਹੇ ਮਾਹੌਲ ਵਿੱਚ ਲਿਆਉਣਾ ਹੈ ਜਿੱਥੇ ਸਿੱਖੀ ਜੀਵਨ ਦਾ ਅਨੁਭਵ ਕੀਤਾ ਜਾ ਸਕੇ। ਪਿਛਲੇ 50 ਸਾਲਾਂ ਤੋਂ ਸਿੱਖ ਬੱਚਿਆਂ ਲਈਗਰਮੀਆਂ ਵਿੱਚ ਇੱਕ ਹਫ਼ਤੇ ਲਈ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਨੇ ਸਾਡੇ ਸਿੱਖ ਪੰਥ ਦੇ ਨੌਜਵਾਨ ਮੈਂਬਰਾਂ ਨੂੰ ਕੀਰਤਨ, ਪਾਠ, ਗੁਰਮਤਿ, ਇਤਿਹਾਸਅਤੇ ਸਭ ਤੋਂ ਮਹੱਤਵਪੂਰਨ ਗੁਰੂ-ਮੁਖੀ ਸੰਗਤ ਪ੍ਰਦਾਨ ਕੀਤੀ ਹੈ। ਉਨ੍ਹਾਂ ਅੱਗੇ ਕਿਹਾ, "ਸਿੱਖ ਧਰਮ ਦੀਆਂ ਪ੍ਰੇਰਨਾਦਾਇਕ ਪਰੰਪਰਾਵਾਂ ਵਿੱਚ ਲੀਨ ਹੋ ਕੇ, ਇਹ ਨੌਜਵਾਨ ਸਿੱਖੀ ਦੇ ਰਾਹ 'ਤੇ ਚੱਲਦੇ ਰਹਿਣਅਤੇ ਸਿੱਖੀ ਲਈ ਆਪਣੇ ਪਿਆਰ ਨੂੰ ਹੋਰ ਉਤਸ਼ਾਹਿਤ ਕਰਨ ਦੀਉਮੀਦ ਵਿੱਚ ਗੁਰੂ ਦੇ ਸੰਦੇਸ਼ ਦੀ ਝਲਕ ਪਾਉਂਦੇ ਹਨ। ਇਹ ਕੈਂਪ ਉਹਨਾਂ ਰਿਸ਼ਤਿਆਂ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ ਜੋ ਸੰਗਤ ਰਾਹੀਂਅਧਿਆਤਮਿਕ ਅਨੁਭਵ ਨੂੰ ਮਜ਼ਬੂਤ ਕਰਦੇ ਹਨ"।

ਕੈਂਪ ਵਿੱਚ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਤੋਂ 8 ਤੋਂ 18 ਸਾਲ ਦੀ ਉਮਰ ਦੇ 130 ਤੋਂ ਵੱਧ ਸਿੱਖ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਇਸ ਸਾਲ ਫਿਰ, ਬਹੁਤ ਸਾਰੇ ਨੌਜਵਾਨ ਸ਼ਾਮਲ ਨਹੀਂ ਹੋ ਸਕੇ ਕਿਉਂਕਿ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਹੋਣ ਦੇ 2 ਮਿੰਟਾਂ ਦੇ ਅੰਦਰ ਸਾਰੇ ਸਲਾਟ ਭਰ ਗਏ ਸਨ। ਕੈਂਪਰਾਂ ਨੂੰਉਮਰ-ਮੁਤਾਬਕ ਵੱਖ-ਵੱਖ ਗਰੁਪਾਂ ਵਿੱਚ ਵੰਡਿਆ ਗਿਆ ਸੀ। ਤਜਰਬੇਕਾਰ ਅਧਿਆਪਕ ਸੇਵਾਦਾਰ ਹਰੇਕ ਸਮੂਹ ਲਈ ਇੱਕ ਅਨੁਕੂਲ ਸਿਖਲਾਈ ਅਨੁਭਵ ਨੂੰਯਕੀਨੀ ਬਣਾਉਂਦੇ ਹੋਏ। ਕੈਂਪ ਵਿੱਚ ਹਰ ਦਿਨ ਦੀ ਸ਼ੁਰੂਆਤ ਪਰਭਾਤ ਫੇਰੀ ਅਤੇ ਸਵੇਰ ਦੇ ਕੀਰਤਨ ਦੀਵਾਨ ਨਾਲ ਹੋਈ, ਜਿਸ ਨੇ ਸਾਰਿਆਂ ਲਈ ਰੋਜ ਇੱਕ ਸ਼ਾਂਤਅਤੇ ਚਿੰਤਨਸ਼ੀਲ ਮਾਹੌਲ ਕਾਇਮ ਕੀਤਾ।

ਗੁਰਬਾਣੀ ਪਾਠ, ਕੀਰਤਨ, ਗਤਕਾ, ਸਿੱਖ ਅਤੇ ਗੁਰੂ ਇਤਿਹਾਸ ਬਾਰੇ ਵਰਕਸ਼ਾਪਾਂ ਅਤੇ ਕਲਾਸਾਂ, ਨੌਜਵਾਨਾਂ ਨੂੰ ਇਸ ਦੀਆਂ ਅਮੀਰ ਪਰੰਪਰਾਵਾਂ ਦੀ ਵਿਆਪਕਸਮਝ ਪ੍ਰਦਾਨ ਕਰਦਾ ਹੈ। ਭਾਗ ਲੈਣ ਵਾਲੇ ਨੌਜਵਾਨ ਅਤੇ ਸੇਵਾਦ-ਾਰ ਵੱਖ-ਵੱਖ ਖੇਡਾਂ ਅਤੇ ਹੋਰ ਗਤੀਵਿਧੀਆਂ ਦਾ ਵੀ ਆਨੰਦ ਲੈਂਦੇ ਹਨ ਜਿਨ੍ਹਾਂ ਵਿੱਚ ਬਾਸਕਟਬਾਲ, ਕਨੂਇੰਗ, ਉੱਚੀ ਰੱਸੀਆਂ ਤੇ ਚਲਨਾਂ, ਜ਼ਿਪਲਾਈਨਿੰਗ,ਆਈਸ ਬ੍ਰੇਕਰ, ਗਰੁੱਪ ਵਿੱਚ ਵਿਚਾਰ ਵਟਾਂਦਰਾਂ, ਅਤੇ ਕੈਂਪ ਫਾਇਰ ਆਦਿ ਸ਼ਾਮਲ ਹਨ।

ਪੂਰਾ ਹਫ਼ਤਾ, ਹਰੇਕ ਬੱਚੇ ਨੂੰ ਕੀਰਤਨ ਕਲਾਸ ਦੌਰਾਨ ਸਿੱਖੇ ਗਏ ਘੱਟੋ-ਘੱਟ ਇੱਕ ਸ਼ਬਦ ਦਾ ਕੀਰਤਨ ਕਰਨ ਦਾ ਮੌਕਾ ਮਿਲਦਾ ਹੈ। ਹਰ ਸਾਲ, ਕੈਂਪ ਵਿੱਚ ਇੱਕਥੀਮ ਸ਼ਬਦ ਹੁੰਦਾ ਹੈ ਜੋ ਹਰ ਰੋਜ਼ ਸਵੇਰੇ ਅਤੇ ਸ਼ਾਮ ਦੇ ਦੀਵਾਨ ਵਿੱਚ ਦੋ ਵਾਰ ਪੜ੍ਹਿਆ ਜਾਂਦਾ ਹੈ। ਇਸ ਸਾਲ ਦਾ ਥੀਮ ਸ਼ਬਦ ਸੀ "ਸਿਮਰਿ ਮਨਾ ਰਾਮ ਨਾਮੁਚਿਤਾਰੇ॥"

ਗੁਰਮਤਿ ਕੈਂਪ ਦੇ 50 ਸਾਲ ਪੂਰੇ ਹੋਣ ਨਾਲ ਇਹ ਸਾਲ ਵੀ ਵਿਸ਼ੇਸ਼ ਰਿਹਾ। 1980 ਅਤੇ 90 ਦੇ ਦਹਾਕੇ ਦੇ ਬਹੁਤ ਸਾਰੇ ਪੁਰਾਣੇ ਕੈਂਪਰ, ਜੋ ਹੁਣ ਸੇਵਾਦਾਰ ਅਤੇਪ੍ਰਬੰਧਕ ਹਨ, ਨੇ ਕੈਂਪ ਦੇ ਸੰਸਥਾਪਕ ਕੁਲਦੀਪ ਸਿੰਘ, ਪਤਨੀ ਅਰਮਿੰਦਰ ਕੌਰ ਅਤੇ 1985 ਤੋਂ ਲਗਾਤਾਰ ਸੇਵਾ ਨਿਭਾਂ ਰਹੇ ਡਾ ਅਮਰਜੀਤ ਸਿੰਘ ਅਤੇ ਪਤਨੀ ਡਾ. ਅਮਰਜੀਤ ਕੌਰ ਦਾ ਧੰਨਵਾਦ ਅਤੇ ਸਨਮਾਨ ਕੀਤਾ।

ਕੈਂਪ ਵਿੱਚ ਸ਼ਾਮਲ ਸੰਗਤ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਕਿਵੇਂ 1970 ਦੇ ਦਹਾਕੇ ਦੇ ਸ਼ੁਰੂ ਵਿੱਚ, ਉਹਨਾਂ ਸਿੱਖਾਂ ਦੇ ਇੱਕ ਸਮੂਹ ਦੇ ਨਾਲ ਉੱਤਰੀਅਮਰੀਕਾ ਵਿੱਚ ਸਿੱਖ ਨੌਜਵਾਨਾਂ ਲਈ ਸਿੱਖ ਗੁਰਮਤਿ ਕੈਂਪ ਸ਼ੁਰੂ ਕਰਨ ਦੀ ਲੋੜ ਮਹਿਸੂਸ ਕੀਤੀ ਅਤੇ 1973 ਵਿੱਚ ਡੇਟਰੋਇਟ, ਮਿਸ਼ੀਗਨ ਵਿੱਚ ਇੱਕ ਘਰ ਦੀ ਬੇਸਮੈਂਟ ਵਿੱਚ ਪਹਿਲਾ ਕੈਂਪ ਲਗਾਇਆ।ਉਹਨਾਂ ਨੇ ਬਹੁਤ ਸਾਰੇ ਪੁਰਾਣੇ ਮੈਂਬਰਾਂ ਨੂੰ ਯਾਦ ਕੀਤਾ ਜਿਨ੍ਹਾਂ ਨੇ ਉਹਨਾਂ ਦੇ ਨਾਲ ਇਸ ਲੰਮੇ ਸਫ਼ਰ ਦੀ ਸ਼ੁਰੂਆਤ ਕੀਤੀਸੀ, ਜਿਨ੍ਹਾਂ ਵਿੱਚ ਕਈ ਹੁਣ ਇਸ ਸੰਸਾਰ ਵਿੱਚ ਨਹੀਂ ਹਨ। ਉਹਨਾਂ ਕਿਹਾ"ਮੈਂ ਕੈਂਪ ਦੀ ਸ਼ੁਰੂਆਤ ਕਰਨ ਲਈ ਵਾਹਿਗੁਰੂ, ਅਕਾਲ ਪੁਰਖ ਦਾ ਧੰਨਵਾਦੀ ਹਾਂ। ਮੈਨੂੰ ਮੇਰੇ ਗੁਰੂ ਦੀ ਬਖਸ਼ਿਸ਼ ਸੀ ਜਿਸ ਨੇ ਮੈਨੂੰ ਇਹ ਸ਼ੁਰੂ ਕਰਨ ਲਈ ਪ੍ਰੇਰਿਤਕੀਤਾ।ਉਦੋਂ ਤੋਂ, ਮੈਂ ਉਨ੍ਹਾਂ ਨੌਜਵਾਨਾਂ ਅਤੇ ਸਹਿਯੋਗੀਆਂ ਤੋਂ ਬਹੁਤ ਕੁਝ ਸਿੱਖਿਆ ਜੋ ਕੈਂਪ ਲਈ ਵਲੰਟੀਅਰ ਵਜੋਂ ਸਾਡੇ ਨਾਲ ਸ਼ਾਮਲ ਹੋਏ, ਉਨ੍ਹਾਂ ਸਾਰਿਆਂ ਦਾਧੰਨਵਾਦ ਜੋ ਆਉਂਦੇ ਰਹਿੰਦੇ ਹਨ ਅਤੇ ਆਉਣ ਵਾਲੇ ਸਮੇਂ ਲਈ ਇੱਕ ਦੂਜੇ ਨੂੰ ਪ੍ਰੇਰਿਤ ਕਰਦੇ ਹਨ,"

ਕੈਂਪ ਦੀ ਸਮਾਪਤੀ ਗਤਕਾ ਪ੍ਰਦਰਸ਼ਨ ਅਤੇ ਕੀਰਤਨ ਦਰਬਾਰ ਨਾਲ ਹੋਈ। ਸਿਆਨਾ ਵੱਲੋਂ ਪਿਛਲੇ ਕਈ ਸਾਲਾਂ ਤੋਂ ਗੁਰਮਤਿ ਕੈਂਪ ਦੀ ਸਫ਼ਲਤਾ ਨਾਲ ਨਾ ਸਿਰਫ਼ਸਿੱਖ ਨੌਜਵਾਨਾਂ ਦਾ ਅਧਿਆਤਮਿਕ ਵਿਕਾਸ ਹੋਇਆ ਹੈ ਸਗੋਂ ਉਨ੍ਹਾਂ ਦੀਆਂ ਸੱਭਿਆਚਾਰਕ ਜੜ੍ਹਾਂ ਵੀ ਮਜ਼ਬੂਤ ਹੋਈਆਂ ਹਨ। ਇਹ ਕੈਂਪ ਸਿੱਖ ਆਗੂਆਂ ਦੀ ਅਗਲੀਪੀੜ੍ਹੀ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ ਜੋ ਅਮਰੀਕਾ, ਕੈਨੇਡਾ ਅਤੇ ਹੋਰਨਾਂ ਮੁਲਕਾਂ ਵਿੱਚ ਸਿੱਖ ਧਰਮ ਦੇ ਤੱਤ ਨੂੰ ਅੱਗੇ ਵਧਾਉਣਗੇ।

# ਦਿੱਲੀ ਵਿਚ ਪੁਲਿਸ ਕਾਂਸਟੇਬਲ ਨੇ ਦੱਖਣੀ ਕੋਰੀਆ ਦੇ ਸੈਲਾਨੀ ਤੋਂ ਰਿਸ਼ਵਤ ਲਈ, ਵੀਡੀਓ ਵਾਇਰਲ, ਕਰ ਦਿੱਤਾ ਮੁਅੱਤਲ



ਨਵੀਂ ਦਿੱਲੀ, 24 ਜੁਲਾਈ (ਪੋਸਟ ਬਿਊਰੋ): ਦਿੱਲੀ ਵਿੱਚ ਇੱਕ ਟ੍ਰੈਫਿਕ ਪੁਲਿਸ ਕਾਂਸਟੇਬਲ ਨੇ ਇੱਕ ਦੱਖਣੀ ਕੋਰੀਆਈ ਯੂਟਿਊਬਰ ਤੋਂ 5,000 ਰੁਪਏ ਹੜੱਪ ਲਏ। ਕਾਂਸਟੇਬਲ ਨੇ ਯੂਟਿਊਬਰ 'ਤੇ ਟ੍ਰੈਫਿਕ ਨਿਯਮ ਤੋੜਨ ਦਾ ਦੋਸ਼ ਲਗਾਇਆ ਅਤੇ ਇਹ ਰਕਮ ਜ਼ੁਰਮਾਨੇ ਵਜੋਂ ਲੈ ਲਈ, ਪਰ ਕੋਈ ਰਸੀਦ ਨਹੀਂ ਦਿੱਤੀ।

ਇਸ ਦੌਰਾਨ ਇਹ ਸਾਰਾ ਮਾਮਲਾ ਯੂਟਿਊਬਰ ਦੀ ਕਾਰ ਵਿੱਚ ਲੱਗੇ ਕੈਮਰੇ ਵਿੱਚ ਰਿਕਾਰਡ ਹੋ ਗਿਆ। ਬਾਅਦ 'ਚ ਯੂਟਿਊਬਰ ਨੇ ਵੀਡੀਓ ਨੂੰ ਆਪਣੇ ਅਕਾਊਂਟ 'ਤੇ ਪੋਸਟ ਕੀਤਾ, ਜਿੱਥੋਂ ਇਹ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ। ਇਸ ਤੋਂ ਬਾਅਦ ਦਿੱਲੀ ਪੁਲਿਸ ਨੇ ਉਸ ਕਾਂਸਟੇਬਲ ਨੂੰ ਮੁਅੱਤਲ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਵੀਡੀਓ 'ਚ ਦੇਖਿਆ ਜਾ ਰਿਹਾ ਹੈ ਕਿ ਯੂਟਿਊਬਰ ਖੁੱਲ੍ਹੀ ਸੜਕ 'ਤੇ ਕਾਰ ਚਲਾ ਰਿਹਾ ਹੈ। ਕਾਂਸਟੇਬਲ ਨੇ ਇੱਕ ਚੌਰਾਹੇ ਅੱਗੇ ਆਪਣੀ ਕਾਰ ਰੋਕੀ ਅਤੇ ਉਸਨੂੰ ਦੱਸਿਆ ਕਿ ਉਹ ਗਲਤ ਲੇਨ ਵਿੱਚ ਗੱਡੀ ਚਲਾ ਰਿਹਾ ਸੀ। ਇਸ ਤੋਂ ਬਾਅਦ ਉਸ ਨੇ ਯੂਟਿਊਬਰ ਤੋਂ ਜ਼ੁਰਮਾਨੇ ਵਜੋਂ 5 ਹਜ਼ਾਰ ਰੁਪਏ ਨਕਦ ਮੰਗੇ।

ਯੂਟਿਊਬਰ ਪੁਲਿਸ ਵਾਲੇ ਨੂੰ ਸਮਝ ਨਹੀਂ ਸਕਿਆ ਅਤੇ ਉਸਨੂੰ 500 ਰੁਪਏ ਦੇਣੇ ਦਿੱਤੇ। ਪੁਲਿਸ ਕਰਮਚਾਰੀ ਦੇ ਮਨ੍ਹਾ ਕਰਨ ਤੋਂ ਬਾਅਦ ਯੂਟਿਊਬਰ ਨੇ ਉਸ ਨੂੰ ਪੂਰੇ 5,000 ਰੁਪਏ ਦੇ ਦਿੱਤੇ। ਇਸ ਤੋਂ ਬਾਅਦ, ਯੂਟਿਊਬਰ ਨੇ ਪੁਲਿਸ ਵਾਲੇ ਨੂੰ ਹੱਥ ਜੋੜ ਕੇ ਧੰਨਵਾਦ ਕਿਹਾ ਅਤੇ ਉਸ ਨਾਲ ਹੱਥ ਮਿਲਾਇਆ। ਉਸ ਨੂੰ ਇਹ ਨਹੀਂ ਸਮਝ ਸੀ ਕਿ ਉਸ ਤੋਂ ਰਿਸ਼ਵਤ ਲਈ ਜਾ ਰਹੀ ਹੈ।

# ਇੰਡੋਨੇਸ਼ੀਆ ਦੇ ਟਾਪੂ 'ਤੇ ਕਿਸ਼ਤੀ ਪਲਟਣ ਕਾਰਨ 15 ਲੋਕਾਂ ਦੀ ਮੌਤ, 19 ਲਾਪਤਾ




ਜਕਾਰਤਾ, 24 ਜੁਲਾਈ (ਪੋਸਟ ਬਿਊਰੋ): ਇੰਡੋਨੇਸ਼ੀਆ ਵਿਚ ਸੋਮਵਾਰ ਨੂੰ ਇਕ ਕਿਸ਼ਤੀ ਪਲਟਣ ਕਾਰਨ 15 ਲੋਕਾਂ ਦੀ ਮੌਤ ਹੋ ਗਈ। ਜਦਕਿ 19 ਲੋਕ ਲਾਪਤਾ ਹਨ। ਇੰਡੋਨੇਸ਼ੀਆ ਦੀ ਰਾਸ਼ਟਰੀ ਖੋਜ ਅਤੇ ਬਚਾਅ ਏਜੰਸੀ ਮੁਤਾਬਕ ਹਾਦਸਾ ਅੱਧੀ ਰਾਤ 12 ਵਜੇ ਤੋਂ ਬਾਅਦ ਵਾਪਰਿਆ। ਸਾਰੇ ਮ੍ਰਿਤਕਾਂ ਦੀ ਪਹਿਚਾਣ ਕਰ ਕੇ ਉਨ੍ਹਾਂ ਦੇ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ।

ਇਸ ਦੇ ਨਾਲ ਹੀ ਹਾਦਸੇ ਵਿਚ ਬਚੇ 6 ਲੋਕਾਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਖਬਰਾਂ ਮੁਤਾਬਕ ਕਿਸ਼ਤੀ 40 ਲੋਕਾਂ ਨੂੰ ਲੈ ਕੇ ਇੰਡੋਨੇਸ਼ੀਆ ਦੇ ਮੁਨਾ ਟਾਪੂ ਵੱਲ ਜਾ ਰਹੀ ਸੀ।



















FRESH & LARGE VARIETY
BREAD, DAIRY & EGGS
BRANDED FOODS
FRUITS & VEGETABLES
BEVERAGES &
CONFECTIONERY
GROCERY & STAPLES
SWEET & SAMOSAS

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017